JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 139 | Friday, July 15, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਸਰੀ ਵਿਚ ਰਿਪੁਦਮਨ ਸਿੰਘ ਮਲਿਕ ਦਾ ਕੀਤਾ ਕਤਲ

### 1985 ਵਿੱਚ ਬੰਬ ਧਮਾਕੇ ਨਾਲ ਏਅਰ ਇੰਡੀਆ ਦੇ ਜਹਾਜ਼ ਨੂੰ ਉਡਾਉਣ ਦੇ ਮਾਮਲੇ ਵਿੱਚ ਮਲਿਕ ਨੂੰ ਕੀਤਾ ਗਿਆ ਸੀ ਬਰੀ

ਸਰੀ, ਬੀਸੀ, 14 ਜੁਲਾਈ (ਪੋਸਟ ਬਿਊਰੋ) : 1985 ਵਿੱਚ ਬੰਬ ਧਮਾਕੇ ਨਾਲ ਏਅਰ ਇੰਡੀਆ ਦੇ ਜਹਾਜ਼ ਨੂੰ ਉਡਾਉਣ ਦੇ ਮਾਮਲੇ ਵਿੱਚੋਂ ਬਰੀ ਹੋਏ ਰਿਪੁਦਮਨ ਸਿੰਘ ਮਲਿਕ ਨੂੰ ਸਰ੍ਹੀ, ਬੀਸੀ ਵਿੱਚ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਦੀ ਪੁਸ਼ਟੀ ਕਈ ਰਿਪੋਰਟਾਂ ਵਿੱਚ ਕੀਤੀ ਗਈ।



ਓਮਨੀ ਨਿਊਜ਼ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਮਲਿਕ ਦਾ ਪਰਿਵਾਰ ਵੀਰਵਾਰ ਸਵੇਰ ਨੂੰ ਉਸ ਸਮੇਂ ਮੌਕੇ ਉੱਤੇ ਹੀ ਮੌਜੂਦ ਸੀ ਜਦੋਂ ਸਵੇਰੇ 9:30 ਵਜੇ ਨਿਊਟਨ ਇਲਾਕੇ ਵਿੱਚ ਗੋਲੀ ਮਾਰ ਕੇ ਕਿਸੇ ਵਿਅਕਤੀ ਨੂੰ ਮਾਰਨ ਦੀ ਖਬਰ ਨਸ਼ਰ ਹੋਈ। ਆਰਸੀਐਮਪੀ ਅਨੁਸਾਰ ਪੁਲਿਸ ਅਧਿਕਾਰੀਆਂ ਨੂੰ 82 ਐਵਨਿਊ ਨੇੜੇ 128 ਸਟਰੀਟ ਉੱਤੇ ਗੋਲੀਆਂ ਚੱਲਣ ਦੀ ਰਿਪੋਰਟ ਦੇ ਕੇ ਸੱਦਿਆ ਗਿਆ। ਪੁਲਿਸ ਨੂੰ ਉੱਥੇ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ।


ਪੈਰਾਮੈਡਿਕਸ ਦੇ ਪਹੁੰਚਣ ਤੋਂ ਪਹਿਲਾਂ ਪੁਲਿਸ ਅਧਿਕਾਰੀਆਂ ਵੱਲੋਂ ਫਰਸਟ ਏਡ ਵੀ ਦਿੱਤੀ ਗਈ ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਵਿਅਕਤੀ ਦਮ ਤੋੜ ਗਿਆ। ਆਰਸੀਐਮਪੀ ਨੇ ਆਖਿਆ ਕਿ ਇਹ ਸੂਟਿੰਗ ਇਸ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਲਈ ਹੀ ਕੀਤੀ ਗਈ। ਜਾਂਚਕਾਰਾਂ ਨੂੰ ਇੱਕ ਵ੍ਹੀਕਲ ਨੇੜੇ ਹੀ 120 ਸਟਰੀਟ ਦੇ ਪੂਰਬ ਵਿੱਚ 82 ਐਵਨਿਊ ਏਰੀਆ ਵਿੱਚ ਮਿਲਿਆ, ਜਿਸ ਨੂੰ ਅੱਗ ਲੱਗੀ ਹੋਈ ਸੀ।

ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਆਖਿਆ ਕਿ ਮਸ਼ਕੂਕ ਜਾਂ ਮਸ਼ਕੂਕਾਂ ਨੇ ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋਣ ਲਈ ਕਿਸੇ ਹੋਰ ਗੱਡੀ ਦੀ ਵਰਤੋਂ ਜ਼ਰੂਰ ਕੀਤੀ ਹੋਵੇਗੀ। ਮਾਮਲੇ ਦੀ ਜਾਂਚ ਦਾ ਕੰਮ ਇੰਟੇਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਆਪਣੇ ਹੱਥ ਲੈ ਲਿਆ ਹੈ। ਜ਼ਿਕਰਯੋਗ ਹੈ ਕਿ 23 ਜੂਨ, 1985 ਨੂੰ 280 ਕੈਨੇਡੀਅਨਜ਼, ਜਿਨ੍ਹਾਂ ਵਿੱਚ 86 ਬੱਚੇ ਵੀ ਸਨ, ਏਅਰ ਇੰਡੀਆਂ ਦੀ ਫਲਾਈਟ 182 ਨੂੰ ਬੰਬ ਨਾਲ ਉਡਾ ਦਿੱਤੇ ਜਾਣ ਕਾਰਨ ਮਾਰੇ ਗਏ। ਇਹ ਜਹਾਜ਼ ਟੋਰਾਂਟੋ ਤੋਂ ਲੰਡਨ ਜਾ ਰਿਹਾ ਸੀ ਤੇ ਆਇਰਲੈਂਡ ਕੋਲ ਇਸ ਵਿੱਚ ਧਮਾਕਾ ਹੋਇਆ ਤੇ ਜਹਾਜ਼ ਵਿੱਚ ਸਵਾਰ ਸਾਰੇ 329 ਲੋਕ ਮਾਰੇ ਗਏ। ਬਾਅਦ ਵਿੱਚ ਇਹ ਖੁਲਾਸਾ ਹੋਇਆ ਕਿ ਬੰਬ ਧਮਾਕੇ ਦੀ ਇਹ ਸਾਜ਼ਿਸ਼ ਕੈਨੇਡਾ ਦੀ ਧਰਤੀ ਉੱਤੇ ਹੀ ਹੋਈ।

ਇਸ ਬੰਬ ਧਮਾਕੇ ਦੇ ਸਬੰਧ ਵਿੱਚ ਇੰਦਰਜੀਤ ਸਿੰਘ ਰਿਆਤ ਹੀ ਅਜਿਹਾ ਸ਼ਖਸ ਸੀ ਜਿਸ ਨੂੰ ਦੋਸ਼ੀ ਦੱਸਿਆ ਗਿਆ। 2010 ਵਿੱਚ ਉਸ ਨੂੰ ਮਲਿਕ ਦੇ ਮਾਮਲੇ ਦੀ ਸੁਣਵਾਈ ਵਿੱਚ ਵਾਰੀ ਵਾਰੀ ਝੂਠ ਬੋਲਣ ਤੇ ਬਿਆਨ ਬਦਲਣ ਕਾਰਨ 9 ਸਾਲ ਦੀ ਸਜ਼ਾ ਸੁਣਾਈ ਗਈ। 2016 ਵਿੱਚ ਰਿਆਤ ਜੇਲ੍ਹ ਵਿੱਚੋਂ ਰਿਹਾਅ ਹੋ ਗਿਆ। ਵਾਰੀ ਵਾਰੀ ਝੂਠ ਬੋਲਣ ਦੇ ਮਾਮਲੇ ਵਿੱਚ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਰਿਆਤ ਨੂੰ ਬੰਬ ਧਮਾਕੇ ਲਈ ਦੋਸ਼ੀ ਕਰਾਰ ਦਿੱਤਾ ਗਿਆ ਸੀ।

## ਬੱਚਿਆਂ ਲਈ ਮੌਡਰਨਾ ਦੀ ਕੋਵਿਡ-19 ਵੈਕਸੀਨ ਨੂੰ ਹੈਲਥ ਕੈਨੇਡਾ ਨੇ ਦਿੱਤੀ ਮਨਜ਼ੂਰੀ

ਓਟਵਾ, 14 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੇ ਡਰੱਗ ਰੈਗੂਲੇਟਰ ਵੱਲੋਂ ਮੌਡਰਨਾ ਦੀ ਕੋਵਿਡ-19 ਵੈਕਸੀਨ ਨੂੰ ਇਨਫੈਂਟਸ ਤੇ ਪ੍ਰੀ-ਸਕੂਲਰਜ਼ ਲਈ ਵੀਰਵਾਰ ਨੂੰ ਮਨਜ਼ੂਰੀ ਦੇ ਦਿੱਤੀ ਗਈ। ਇਸ ਉਮਰ ਵਰਗ ਲਈ ਮਨਜ਼ੂਰ ਕੀਤੀ ਗਈ ਇਹ ਦੇਸ਼ ਦੀ ਪਹਿਲੀ ਵੈਕਸੀਨ ਹੈ।



ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਮੌਡਰਨਾ ਦੀ ਇਹ ਵੈਕਸੀਨ ਛੇ ਮਹੀਨੇ ਤੋਂ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਦਿੱਤੀ ਜਾ ਸਕਦੀ ਹੈ। ਬਾਲਗਾਂ ਲਈ ਮਨਜ਼ੂਰ ਡੋਜ਼ ਨਾਲੋਂ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਡੋਜ਼ ਇੱਕ ਚੌਥਾਈ ਹੋਣੀ ਚਾਹੀਦੀ ਹੈ।

ਇੱਕ ਬਿਆਨ ਜਾਰੀ ਕਰਕੇ ਡਿਪਾਰਟਮੈਂਟ ਨੇ ਆਖਿਆ ਕਿ ਇਸ ਵੈਕਸੀਨ ਦਾ ਚੰਗੀ ਤਰ੍ਹਾਂ ਸਾਇੰਟਿਫਿਕ ਮੁਲਾਂਕਣ ਕੀਤੇ ਜਾਣ ਤੋਂ ਬਾਅਦ ਅਸੀਂ ਇਸ ਨਤੀਜੇ ਉੱਤੇ ਪਹੁੰਚੇ ਹਾਂ ਕਿ ਇਹ ਵੈਕਸੀਨ ਛੇ ਤੇ 5 ਸਾਲ ਉਮਰ ਵਰਗ ਨਾਲ ਸਬੰਧਤ ਬੱਚਿਆਂ ਵਿੱਚ ਕੋਵਿਡ-19 ਰੋਕਣ ਲਈ ਸੁਰੱਖਿਅਤ ਤੇ ਕਾਫੀ ਕਾਰਗਰ ਹੈ।

## ਏਅਰ ਟਰੈਵਲਰਜ਼ ਲਈ 19 ਜੁਲਾਈ ਤੋਂ ਮੁੜ ਸੂਰੂ ਹੋਵੇਗੀ ਅਚਨਚੇਤੀ ਕੋਵਿਡ-19 ਟੈਸਟਿੰਗ



ਓਟਵਾ, 14 ਜੁਲਾਈ (ਪੋਸਟ ਬਿਊਰੋ) : ਕੈਨੇਡਾ ਆਉਣ ਵਾਲੇ ਟਰੈਵਲਰਜ਼ ਲਈ ਇੱਕ ਵਾਰੀ ਫਿਰ ਫੈਡਰਲ ਸਰਕਾਰ ਵੱਲੋਂ ਅਚਨਚੇਤੀ ਕੋਵਿਡ-19 ਟੈਸਟਿੰਗ ਸ਼ੁਰੂ ਕੀਤੀ ਜਾ ਰਹੀ ਹੈ। ਇਸ ਦੀ ਸ਼ੁਰੂਆਤ 19 ਜੁਲਾਈ ਤੋਂ ਹੋਵੇਗੀ।

ਇੱਕ ਮਹੀਨੇ ਤੱਕ ਇਸ ਮਾਪਦੰਡ ਨੂੰ ਰੋਕੀ ਰੱਖਣ ਤੋਂ ਬਾਅਦ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ) ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਦੇਸ਼ ਦੇ ਚਾਰ ਮੁੱਖ ਕੈਨੇਡੀਅਨ ਏਅਰਪੋਰਟਸ : ਵੈਨਕੂਵਰ, ਕੈਲਗਰੀ, ਮਾਂਟਰੀਅਲ ਤੇ ਟੋਰਾਂਟੋ ਪਹੁੰਚਣ ਵਾਲੇ ਤੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਏਅਰ ਟਰੈਵਲਰਜ਼ ਦਾ ਅਚਨਚੇਤੀ ਕੋਵਿਡ-19 ਟੈਸਟ ਕੀਤਾ ਜਾ ਸਕਦਾ ਹੈ। ਇਹ ਟੈਸਟਿੰਗ ਦੋ ਤਰ੍ਹਾਂ ਹੋ ਸਕੇਗੀ, ਇੱਕ ਤਾਂ ਚੋਣਵੀਆਂ ਲੋਕੇਸ਼ਨਜ਼ ਤੇ ਫਾਰਮੇਸੀਜ਼ ਉੱਤੇ ਇਨ ਪਰਸਨ ਅਪੁਆਂਇੰਟਮੈਂਟਸ ਰਾਹੀਂ ਤੇ ਦੂਜਾ ਵਰਚੂਅਲ ਅਪੁਆਇੰਟਮੈਂਟਸ ਤੇ ਸੈਲਫ ਸਵੈਬ ਰਾਹੀਂ ਹੋ ਸਕੇਗੀ। ਐਰਾਈਵਕੈਨ ਐਪ ਵੱਲੋਂ ਕਿਸੇ ਵੀ ਟਰੈਵਲਰ ਦੀ ਚੋਣ ਇਸ ਟੈਸਟਿੰਗ ਲਈ ਕੀਤੀ ਜਾ ਸਕਦੀ ਹੈ ਤੇ ਟਰੈਵਲਰਜ਼ ਨੂੰ ਆਪਣੇ ਕਸਟਮਜ਼ ਡੈਕਲੇਰੇਸ਼ਨ ਭਰਨ ਤੋਂ 15 ਮਿੰਟ ਦੇ ਅੰਦਰ ਅੰਦਰ ਈਮੇਲ ਹਾਸਲ ਹੋਵੇਗੀ, ਜਿਸ ਵਿੱਚ ਇਹ ਦੱਸਿਆ ਗਿਆ ਹੋਵੇਗਾ ਕਿ ਉਹ ਆਪਣਾ ਟੈਸਟ ਕਿਸ ਤਰ੍ਹਾਂ ਕਰ ਜਾਂ ਕਰਵਾ ਸਕਦੇ ਹਨ। ਇਹ ਅਚਨਚੇਤੀ ਕੀਤੀ ਜਾਣ ਵਾਲੀ ਟੈਸਟਿੰਗ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਉੱਤੇ ਹੀ ਲਾਗੂ ਹੋਵੇਗੀ। ਜਿਨ੍ਹਾਂ ਟਰੈਵਲਰਜ਼ ਦੀ ਵੈਕਸੀਨੇਸ਼ਨ ਨਹੀਂ ਹੋਈ ਉਨ੍ਹਾਂ ਨੂੰ 14 ਦਿਨਾਂ ਲਈ ਕੁਆਰਨਟੀਨ ਹੋਣਾ ਪਵੇਗਾ ਤੇ ਇਸ ਅਰਸੇ ਦੌਰਾਨ ਪਹਿਲੇ ਤੇ ਅੱਠਵੇਂ ਦਿਨ ਟੈਸਟ ਕਰਵਾਉਣਾ ਹੋਵੇਗਾ। ਜੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰ ਦਾ ਟੈਸਟ ਪਾਜ਼ੀਟਿਵ ਆਉਂਦਾ ਹੈ ਤਾਂ ਉਸ ਨੂੰ 10 ਦਿਨ ਲਈ ਆਈਸੋਲੇਟ ਹੋਣਾ ਹੋਵੇਗਾ। ਸਰਕਾਰ ਨੇ ਇਹ ਵੀ ਆਖਿਆ ਕਿ ਕੈਨੇਡਾ ਵਿੱਚ ਜ਼ਮੀਨੀ ਰਸਤੇ ਰਾਹੀਂ ਦਾਖਲ ਹੋਣ ਵਾਲੇ ਬਾਰਡਰ ਪੁਆਇੰਟ ਉੱਤੇ ਵੀ ਇਹ ਅਚਨਚੇਤੀ ਟੈਸਟਿੰਗ ਜਾਰੀ ਰਹੇਗੀ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

OURR HOME & APPLIANCES
UPGRADE TO 4 DOOR FRIDGE $99
JULY BOXING WEEK
$4799 PLUS TAX
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI
416.994.7272
www.allkindinsurance.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2333
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਓਨਟਾਰੀਓ ਵਿੱਚ ਅੱਜ ਤੋਂ ਸ਼ੁਰੂ ਹੋਵੇਗਾ ਕੋਵਿਡ-19 ਸਬੰਧੀ ਚੌਥੀ ਡੋਜ਼ ਦੇਣ ਦਾ ਸਿਲਸਿਲਾ



ਓਨਟਾਰੀਓ, 14 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਕੋਵਿਡ-19 ਵੈਕਸੀਨ ਦੀ ਚੌਥੀ ਡੋਜ਼ ਦੇਣ ਦਾ ਸਿਲਸਿਲਾ ਵੀਰਵਾਰ ਤੋਂ ਸ਼ੁਰੂ ਹੋਵੇਗਾ। ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਇਹ ਵੀ ਆਖਿਆ ਗਿਆ ਹੈ ਕਿ ਸਿਹਤਮੰਦ ਬਾਲਗ ਇਸ ਡੋਜ਼ ਵਾਸਤੇ ਸਾਲ ਦੇ ਅੰਤ ਤੱਕ ਵੀ ਉਡੀਕ ਕਰ ਸਕਦੇ ਹਨ। ਡਾ•ਕੀਰਨ ਮੂਰ ਵੱਲੋਂ ਬੁੱਧਵਾਰ ਸਵੇਰੇ ਇਹ ਐਲਾਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਸ ਉਮਰ ਵਰਗ ਦੇ ਬਾਲਗ ਪ੍ਰੋਵਿੰਸ਼ੀਅਲ ਸਿਸਟਮ ਦੀ ਵਰਤੋਂ ਕਰਦੇ ਹੋਏ 14 ਜੁਲਾਈ ਤੋਂ ਸਵੇਰੇ 8:00 ਵਜੇ ਆਪਣੀ ਅਪੁਆਇੰਟਮੈਂਟ ਬੁੱਕ ਕਰ ਸਕਦੇ ਹਨ। ਇਹ ਵੀ ਦੱਸਿਆ ਗਿਆ ਹੈ ਕਿ ਤੀਜਾ ਸ਼ੌਟ ਲੈਣ ਤੋਂ ਪੰਜ ਮਹੀਨੇ ਬਾਅਦ ਸਾਰੇ ਬਾਲਗ ਚੌਥੀ ਡੋਜ਼ ਲਈ ਅਪੁਆਇੰਟਮੈਂਟ ਬੁੱਕ ਕਰ ਸਕਦੇ ਹਨ। ਮੂਰ ਨੇ ਆਖਿਆ ਕਿ ਇਹ ਉਨ੍ਹਾਂ ਲੋਕਾਂ ਲਈ ਜ਼ਰੂਰੀ ਨਹੀਂ ਹੈ ਜਿਨ੍ਹਾਂ ਨੂੰ ਸਿਹਤ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੂਰ ਨੇ ਆਖਿਆ ਕਿ ਕਿਸੇ ਵਿਅਕਤੀ ਦੇ ਨਿਜੀ ਹਾਲਾਤ ਉੱਤੇ ਵੀ ਇਹ ਗੱਲ ਨਿਰਭਰ ਕਰਦੀ ਹੈ ਕਿ ਉਹ ਦੂਜਾ ਬੂਸਟਰ ਸ਼ੌਟ ਲਵਾਉਣਾ ਚਾਹੁੰਦਾ ਹੈ ਜਾਂ ਨਹੀਂ। ਉਨ੍ਹਾਂ ਆਖਿਆ ਕਿ ਹੈਲਥ ਕੇਅਰ ਵਰਕਰਜ਼ ਤੇ ਰੁਝੇਵਿਆਂ ਭਰੇ ਤੇ ਭੀੜ ਭਾੜ ਵਾਲੀਆਂ ਥਾਂਵਾਂ ਉੱਤੇ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਇਹ ਚੌਥੀ ਡੋਜ਼ ਜ਼ਰੂਰ ਲਵਾਉਣੀ ਚਾਹੀਦੀ ਹੈ। ਇਹ ਬੂਸਟਰ ਡੋਜ਼ ਉਹ ਲੋਕ ਵੀ ਲੈ ਸਕਦੇ ਹਨ ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਕੋਈ ਰਿਸਕ ਹੋਵੇ।

ਮੂਰ ਅਨੁਸਾਰ ਅਗਲੇ ਕੁੱਝ ਹਫਤਿਆਂ ਵਿੱਚ ਓਨਟਾਰੀਓ ਵਿੱਚ ਮਹਾਂਮਾਰੀ ਦੀ ਸੱਤਵੀਂ ਵੇਵ ਆ ਸਕਦੀ ਹੈ। ਉਨ੍ਹਾਂ ਆਖਿਆ ਕਿ ਵੈਕਸੀਨੇਸ਼ਨ ਦੀ ਬਿਹਤਰ ਦਰ ਤੇ ਨਵੇਂ ਇਲਾਜ ਆ ਜਾਣ ਕਾਰਨ ਇਹ ਵੇਵ ਪੁਰਾਣੀਆਂ ਵੇਵਜ਼ ਦੇ ਮੁਕਾਬਲੇ ਮੱਠੀ ਚਾਲੇ ਚੱਲੇਗੀ। ਮੂਰ ਨੇ ਇਹ ਵੀ ਦੱਸਿਆ ਕਿ ਇਸ ਸਮੇਂ ਕੋਵਿਡ-19 ਦੇ 5,000 ਮਾਮਲੇ ਹੋ ਸਕਦੇ ਹਨ। ਇਸ ਦੇ ਬਾਵਜੂਦ ਓਨਟਾਰੀਓ ਵੱਲੋਂ ਪਾਬੰਦੀਆਂ ਮੁੜ ਨਹੀਂ ਲਾਈਆਂ ਜਾਣਗੀਆਂ। ਪਰ ਉਨ੍ਹਾਂ ਸਲਾਹ ਦਿੱਤੀ ਕਿ ਇੰਡੋਰ ਵਿੱਚ ਤੇ ਭੀੜ ਭਾੜ ਵਾਲੇ ਇਲਾਕਿਆਂ ਵਿੱਚ ਮਾਸਕ ਜ਼ਰੂਰ ਲਾਏ ਜਾਣ।

# ਓਨਟਾਰੀਓ ਵਿਚ ਨਵਾਂ ਇਲੈਕਟ੍ਰਿਕ-ਵ੍ਹੀਕਲ ਬੈਟਰੀ ਪਲਾਂਟ ਲਾਉਣ ਦਾ ਟਰੂਡੋ ਨੇ ਕੀਤਾ ਐਲਾਨ



ਓਨਟਾਰੀਓ, 14 ਜੁਲਾਈ (ਪੋਸਟ ਬਿਊਰੋ) : ਪ੍ਰੋਵਿੰਸ ਵਿੱਚ ਨਵੀਂ ਬੈਟਰੀ ਕੰਪੋਨੈਂਟ ਫੈਸਿਲਿਟੀ ਦੇ ਨਿਰਮਾਣ ਲਈ ਓਟਵਾ ਤੇ ਓਨਟਾਰੀਓ ਵੱਲੋਂ ਗਲੋਬਲ ਮੈਟੀਰੀਅਲਜ਼ ਟੈਕਨਾਲੋਜੀ ਤੇ ਰੀਸਾਈਕਲਿੰਗ ਗਰੁੱਪ ਨਾਲ ਡੀਲ ਪੱਕੀ ਕੀਤੀ ਗਈ ਹੈ। ਇਹ ਫੈਸਿਲਿਟੀ ਇਲੈਕਟ੍ਰਿਕ ਗੱਡੀਆਂ ਲਈ ਕਈ ਪਾਰਟਸ ਸਪਲਾਈ ਕਰੇਗੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਇਸ ਸਬੰਧ ਵਿੱਚ ਬੈਲਜੀਅਮ ਸਥਿਤ ਯੂਮੀਕੋਰ ਐਨਵੀ ਨਾਲ ਭਾਈਵਾਲੀ ਦਾ ਐਲਾਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਹ ਫੈਸਿਲਿਟੀ ਸਾਲ ਵਿੱਚ ਇੱਕ ਮਿਲੀਅਨ ਇਲੈਕਟ੍ਰਿਕ ਵ੍ਹੀਕਲਜ਼ ਲਈ ਮੈਟੀਰੀਅਲ ਮੁਹੱਈਆ ਕਰਾਵੇਗੀ। ਇਸ ਪਲਾਂਟ ਉੱਤੇ ਰੋਜ਼ਗਾਰ ਦੇ 1000 ਮੌਕੇ ਵੀ ਪੈਦਾ ਹੋਣਗੇ।

ਯੂਮੀਕੋਰ ਵਿੱਚ ਨਿਵੇਸ਼ ਕੀਤੀ ਜਾਣ ਵਾਲੀ 1.5 ਬਿਲੀਅਨ ਡਾਲਰ ਦੀ ਰਕਮ ਵਿੱਚ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਵੱਲੋਂ ਹਿੱਸੇਦਾਰੀ ਪਾਈ ਜਾਵੇਗੀ।ਟਰੂਡੋ ਨੇ ਆਖਿਆ ਕਿ ਜਦੋਂ ਇਲੈਕਟ੍ਰਿਕ ਵ੍ਹੀਕਲ ਸਪਲਾਈ ਚੇਨਜ਼ ਦਾ ਮਾਮਲਾ ਆਉਂਦਾ ਹੈ ਤਾਂ ਅਸੀਂ ਇਹ ਆਖ ਸਕਦੇ ਹਾਂ ਕਿ ਕੈਨੇਡਾ ਵੱਡਾ ਕੌਮਾਂਤਰੀ ਖਿਡਾਰੀ ਬਣ ਸਕਦਾ ਹੈ।

# ਚਾਰੈਸਟ ਲਈ ਵੋਟ ਪਾਉਣਗੇ ਬ੍ਰਾਊਨ!



ਓਟਵਾ, 14 ਜੁਲਾਈ (ਪੋਸਟ ਬਿਊਰੋ) : ਪੈਟ੍ਰਿਕ ਬ੍ਰਾਊਨ ਦੀ ਕੈਂਪੇਨ ਵੱਲੋਂ ਇਹ ਆਖਿਆ ਗਿਆ ਹੈ ਕਿ ਬਹੁਤੀ ਸੰਭਾਵਨਾ ਇਹ ਹੈ ਕਿ ਪੈਟ੍ਰਿਕ ਬ੍ਰਾਊਨ ਨੂੰ ਲੀਡਰਸ਼ਿਪ ਦੌੜ ਤੋਂ ਡਿਸਕੁਆਲੀਫਾਈ ਕਰਨ ਦੇ ਫੈਡਰਲ ਕੰਜ਼ਰਵੇਟਿਵ ਪਾਰਟੀ ਦੇ ਫੈਸਲੇ ਨੂੰ ਚੁਣੌਤੀ ਦੇਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਾ ਪਵੇ ਤੇ ਇਸ ਦੇ ਮੱਦੇਨਜ਼ਰ ਬ੍ਰਾਊਨ ਪਾਰਟੀ ਦੀ ਅਗਵਾਈ ਕਰਨ ਲਈ ਜੀਨ ਚਾਰੈਸਟ ਲਈ ਵੋਟ ਕਰਨਗੇ।

ਮੰਗਲਵਾਰ ਸ਼ਾਮ ਨੂੰ ਕੈਂਪੇਨ ਟੀਮ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਬ੍ਰਾਊਨ ਵੱਲੋਂ ਖੁਦ ਨੂੰ ਡਿਸਕੁਆਲੀਫਾਈ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਬਾਰੇ ਸਾਰੇ ਕਾਨੂੰਨੀ ਬਦਲ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਪਰ ਪਹਿਲੀ ਵਾਰੀ ਉਨ੍ਹਾਂ ਇਹ ਵੀ ਮੰਨਿਆ ਕਿ 10 ਸਤੰਬਰ ਨੂੰ ਪਾਰਟੀ ਵੱਲੋਂ ਆਪਣਾ ਆਗੂ ਚੁਣਿਆ ਜਾਣਾ ਹੈ ਤੇ ਉਸ ਤੋਂ ਪਹਿਲਾਂ ਅਜਿਹਾ ਕੁੱਝ ਹੋਣ ਦੀ ਸੰਭਾਵਨਾ ਘੱਟ ਹੀ ਹੈ।

ਇਹ ਵੀ ਦੱਸਿਆ ਗਿਆ ਕਿ ਬ੍ਰਾਊਨ ਇਸ ਗੱਲ ਨੂੰ ਲੈ ਕੇ ਸਪਸ਼ਟ ਹਨ ਕਿ ਐਮਪੀ ਪਿਏਰ ਪੌਲੀਏਵਰ ਦੀ ਥਾਂ ਉੱਤੇ ਉਹ ਕਿਸੇ ਨੂੰ ਵੀ ਵੋਟ ਪਾਉਣਗੇ। ਬ੍ਰਾਊਨ ਪੌਲੀਏਵਰ ਨੂੰ ਆਪਣਾ ਮੁੱਖ ਵਿਰੋਧੀ ਮੰਨਦੇ ਸਨ। ਉਨ੍ਹਾਂ ਦੀ ਕੈਂਪੇਨ ਟੀਮ ਨੇ ਦੱਸਿਆ ਕਿ ਬ੍ਰਾਊਨ ਚਾਰੈਸਟ ਲਈ ਵੋਟ ਪਾਉਣ ਦੀ ਯੋਜਨਾ ਬਣਾ ਰਹੇ ਹਨ।

# ਡੁੱਬਣ ਕਾਰਨ 3 ਭਾਰਤੀਆਂ ਦੀ ਮੌਤ



ਅਲਬਰਟਾ, 14 ਜੁਲਾਈ (ਪੋਸਟ ਬਿਊਰੋ) : ਅਲਬਰਟਾ ਵਿੱਚ ਵੀਕੈਂਡ ਦੌਰਾਨ ਵਾਪਰੇ ਇੱਕ ਬੋਟ ਹਾਦਸੇ ਵਿੱਚ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ।ਇਹ ਸਾਰੇ ਕੇਰਲਾ ਨਾਲ ਸਬੰਧਤ ਸਨ।

ਇਹ ਹਾਦਸਾ ਇੱਕ ਭਾਰਤੀ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਵਾਪਰਿਆ। ਮਰਨ ਵਾਲਿਆਂ ਵਿੱਚ ਏਰਨਾਕੁਲਮ ਦੇ ਦੋ ਤੇ ਇੱਕ ਨੇੜਲੇ ਜਿਲ੍ਹੇ ਤ੍ਰਿਸ਼ੂਰ ਦਾ ਰਹਿਣ ਵਾਲਾ ਸੀ। ਮਰਨ ਵਾਲਿਆਂ ਵਿੱਚ ਲਿਓ ਮਾਵੇਲੀ (41), ਜੀਓ ਪਾਇਲੀ ਤੇ ਕੈਵਿਨ ਸ਼ਾਜ਼ੀ(21) ਸ਼ਾਮਲ ਹਨ।

ਲੀਓ ਚਾਲਾਕੁਡੀ ਦੇ ਨੇੜੇ ਸਥਿਤ ਅਥੀਰਪਿੱਲੀ ਦਾ ਰਹਿਣ ਵਾਲਾ ਸੀ। ਜੀਓ ਮਲਯਾਤੂਰ ਦੇ ਨੀਲੇਸ਼ਵਰਮ ਦਾ ਰਹਿਣ ਵਾਲਾ ਸੀ। ਸ਼ਾਜ਼ੀ ਏਰਨਾਕੁਲਮ ਦੇ ਬਾਹਰਵਾਰ ਸਥਿਤ ਕਲਾਮਾਸ਼ੇਰੀ ਨਾਲ ਸਬੰਧਤ ਸੀ। ਹਾਦਸੇ ਤੋਂ ਥੋੜ੍ਹੇ ਸਮੇਂ ਬਾਅਦ ਹੀ ਜੀਓ ਤੇ ਸ਼ਾਜ਼ੀ ਦੀਆਂ ਲਾਸ਼ਾਂ ਮਿਲ ਗਈਆਂ ਪਰ ਲੀਓ ਦੀ ਲਾਸ਼ ਕਾਫੀ ਦੇਰ ਤੇ ਭਾਲ ਕਰਨ ਉਪਰੰਤ ਮਿਲੀ। ਇਸ ਗਰੁੱਪ ਦੇ ਇੱਕ ਹੋਰ ਮੈਂਬਰ ਤੇ ਤ੍ਰਿਸ਼ੂਰ ਵਾਸੀ ਜੀਜੋ ਜੋਸ਼ੀ ਨੂੰ ਬਚਾਅ ਲਿਆ ਗਿਆ।ਲੀਓ, ਜੀਓ ਤੇ ਕੈਵਿਨ ਅਸਲ ਵਿੱਚ ਜੋਸ਼ੀ ਨੂੰ ਬਚਾਉਣ ਦੀ ਕੋਸ਼ਿਸ਼ ਹੀ ਕਰ ਰਹੇ ਸਨ।

ਹਾਲਾਂਕਿ ਉਹ ਜੋਸ਼ੀ ਨੂੰ ਬਚਾਉਣ ਵਿੱਚ ਕਾਮਯਾਬ ਰਹੇ ਪਰ ਠੰਢ ਦੇ ਮੌਸਮ ਕਾਰਨ ਉਹ ਆਪਣੇ ਬਚਾਅ ਲਈ ਬਹੁਤੀ ਦੇਰ ਤੈਰ ਨਹੀਂ ਸਕੇ ਤੇ ਡੁੱਬ ਗਏ।

# ਵਰਿਸ਼ਠ ਯੋਧਾ ਪਹਿਲਕਦਮੀ ਦੇ ਤੀਜੇ ਅਡੀਸ਼ਨ ਦਾ ਆਯੋਜਨ ਕਰ ਰਿਹਾ ਹੈ ਕਾਊਂਸਲੇਟ ਜਨਰਲ ਆਫ ਇੰਡੀਆ

ਟੋਰਾਂਟੋ, 14 ਜੁਲਾਈ (ਪੋਸਟ ਬਿਊਰੋ) : ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ 2022 ਲਈ ਆਪਣੀ ਵਰਿਸ਼ਠ ਯੋਧਾ ਪਹਿਲਕਦਮੀ ਦੇ ਤੀਜੇ ਅਡੀਸ਼ਨ ਦਾ ਆਯਜਨ ਕੀਤਾ ਜਾ ਰਿਹਾ ਹੈ।

ਇਸ ਵਿਲੱਖਣ ਪ੍ਰੋਗਰਾਮ ਵਿੱਚ ਕਾਊਂਸਲੇਟ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਵਿੱਚ ਰਹਿ ਕੇ ਦੇਸ਼ ਲਈ ਅਹਿਮ ਯੋਗਦਾਨ ਪਾ ਚੁੱਕੇ ਤੇ ਬਲੀਦਾਨ ਦੇ ਚੁੱਕੇ ਸੀਨੀਅਰ ਸੈਨਿਕਾਂ ਦਾ ਸਨਮਾਨ ਕਰੇਗਾ। ਇਸ ਈਵੈਂਟ ਦੇ ਆਖਰੀ ਦੋ ਐਡੀਸ਼ਨਜ਼ 2020 ਤੇ 2021 ਵਿੱਚ ਹੋ ਚੁੱਕੇ ਹਨ। ਉਸ ਸਮੇਂ 90 ਸਾਲ ਤੇ 75 ਸਾਲ ਤੋਂ ਵੱਧ ਉਮਰ ਦੇ ਸੈਨਿਕਾਂ ਦਾ ਸਨਮਾਨ ਕੀਤਾ ਗਿਆ ਸੀ।

ਇਸ ਸਾਲ ਦੇ ਐਵਾਰਡਜ਼ ਲਈ ਯੋਗਤਾ ਸਬੰਧੀ ਮਾਪਦੰਡ ਹੇਠ ਲਿਖੇ ਅਨੁਸਾਰ ਹਨ :

- 15 ਅਗਸਤ, 2022 ਤੱਕ ਸੈਨਿਕ ਦੀ ਉਮਰ 75 ਸਾਲ ਤੋਂ ਉੱਤੇ ਹੋਣੀ ਚਾਹੀਦੀ ਹੈ
- ਇਨ੍ਹਾਂ ਸੀਨੀਅਰ ਸੈਨਿਕਾਂ ਵੱਲੋਂ ਭਾਰਤੀ ਦੀ ਫੌਜ, ਨੇਵੀ ਜਾਂ ਏਅਰ ਫੋਰਸ ਲਈ ਸੇਵਾ ਨਿਭਾਈ ਹੋਵੇ
- ਸੀਨੀਅਰ ਸੈਨਿਕ ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਦੀ ਕਾਊਂਸਲੇਟ ਜਿਊਰਿਸਡਿਕਸ਼ਨ ਦਾ ਵਾਸੀ ਹੋਣਾ ਚਾਹੀਦਾ ਹੈ
- ਇਸ ਸੀਨੀਅਰ ਸੈਨਿਕ ਦਾ ਵਰਿਸ਼ਠ ਯੋਧਾ ਦੇ ਪਹਿਲੇ ਜਾਂ ਦੂਜੇ ਅਡੀਸ਼ਨ ਤਹਿਤ ਸਾਡੇ ਆਫਿਸ ਵੱਲੋਂ ਪਹਿਲਾਂ ਸਨਮਾਨ ਨਾ ਕੀਤਾ ਗਿਆ ਹੋਵੇ

ਅਤੀਤ ਵਿੱਚ ਇਸ ਈਵੈਂਟ ਨੂੰ ਕਰਵਾਉਣ ਲਈ ਸਾਡੀ ਕਾਊਂਸਲੇਟ ਨੇ ਜੀਟੀਏ ਦੀਆਂ ਤਿੰਨ ਵੈਟਰਨ ਐਸੋਸਿਏਸ਼ਨਜ਼ ਦੀ ਮਦਦ ਲਈ ਸੀ।ਇਨ੍ਹਾਂ ਐਸੋਸਿਏਸ਼ਨਜ਼ ਵਿੱਚ ਵੈਟਰਨਜ਼ ਐਸੋਸਿਏਸ਼ਨ ਆਫ ਓਨਟਾਰੀਓ, ਇੰਡੀਅਨ ਏਅਰ ਫੋਰਸ ਵੈਟਰਨਜ਼ ਕਮਿਊਨਿਟੀ ਐਸੋਸਿਏਸ਼ਨ, ਕੈਨੇਡਾ ਤੇ ਨੇਵਲ ਫਾਊਂਡੇਸ਼ਨ ਸ਼ਾਮਲ ਹਨ।

ਇਹ ਬੇਨਤੀ ਕੀਤੀ ਗਈ ਸੀ ਕਿ ਇਸ ਸਨਮਾਨ ਲਈ ਯੋਗ ਸ਼ਖ਼ਸ ਤੇ ਐਵਾਰਡ ਹਾਸਲ ਕਰਨ ਦੇ ਚਾਹਵਾਨ ਵੱਲੋਂ ਉੱਪਰ ਦੱਸੀਆਂ ਗਈਆਂ ਐਸੋਸਿਏਸ਼ਨਜ਼ ਰਾਹੀਂ 20 ਜੁਲਾਈ, 2022 ਤੱਕ ਨਾਮਜ਼ਦਗੀਆਂ ਭੇਜੀਆਂ ਜਾ ਸਕਦੀਆਂ ਹਨ।ਇਨ੍ਹਾਂ ਨਾਮਜ਼ਦਗੀਆਂ ਵਿੱਚ ਸੀਨੀਅਰ ਸੈਨਿਕ ਦਾ ਨਾਂ, ਰੈਂਕ, ਡੇਟ ਆਫ ਬਰਥ, ਪਤਾ, ਫੋਨ ਨੰਬਰ, ਈਮੇਲ ਐਡਰੈੱਸ, ਸੇਵਾ ਸਬੰਧੀ ਸੰਖੇਪ ਵਿੱਚ ਵੇਰਵਾ, ਜਿਸ ਵਿੱਚ ਜੇ ਕਦੇ ਜੰਗ ਵਿੱਚ ਹਿੱਸਾ ਲਿਆ ਗਿਆ ਹੋਵੇ ਉਸ ਸਬੰਧੀ ਵੇਰਵਾ ਵੀ ਸ਼ਾਮਲ ਹੋਵੇ, ਭੇਜਿਆ ਜਾਣਾ ਜ਼ਰੂਰੀ ਹੈ।

ਇਨ੍ਹਾਂ ਐਸੋਸਿਏਸ਼ਨ ਨਾਲ ਹੇਠ ਦਿੱਤੇ ਗਏ ਸੰਪਰਕ ਨੰਬਰ ਉੱਤੇ ਸੰਪਰਕ ਕੀਤਾ ਜਾ ਸਕਦਾ ਹੈ :

(a) Veterans' Association of Ontario-
Contact: Capt. Ranjit Dhaliwal- Ph: 647-760-9001, email- ranjit-dhaliwal2013@gmail.com

(b) Indian Air Force Veteran's Community Association, Canada
Contact: Sh. Suba Bajwa- Ph: 416-666-4959, email: ibex1991@live.com

(c) Naval Foundation Contact: email: navalfoundation1@gmail.com

# ਜ਼ਬਰਦਸਤੀ ਕੀਤੀ ਜਾਣ ਵਾਲੀ ਨਸਬੰਦੀ ਨੂੰ ਰੋਕਣ ਲਈ ਸੈਨੇਟ ਕਮੇਟੀ ਕਰੇਗੀ ਸਿਫਾਰਿਸ਼ਾਂ



ਓਟਵਾ, 14 ਜੁਲਾਈ (ਪੋਸਟ ਬਿਊਰੋ) : ਸੈਨੇਟ ਵੱਲੋਂ ਅੱਜ ਕੈਨੇਡਾ ਵਿੱਚ ਜ਼ਬਰਦਸਤੀ ਕੀਤੀ ਜਾਣ ਵਾਲੀ ਨਸਬੰਦੀ ਨੂੰ ਖ਼ਤਮ ਕਰਨ ਲਈ ਸਿਫਾਰਿਸ਼ਾਂ ਕੀਤੇ ਜਾਣ ਦੀ ਸੰਭਾਵਨਾ ਹੈ।

ਹਿਊਮਨ ਰਾਈਟਸ ਕਮੇਟੀ ਲੰਮੇਂ ਸਮੇਂ ਤੋਂ ਇਸ ਮਾਮਲੇ ਉੱਤੇ ਵਿਚਾਰ ਕਰ ਰਹੀ ਸੀ ਤੇ ਆਪਣੀ ਨਵੀਂ ਰਿਪੋਰਟ ਬਾਰੇ ਇਸ ਕਮੇਟੀ ਵੱਲੋਂ ਸਵੇਰੇ 11:00 ਵਜੇ ਪ੍ਰੈੱਸ ਕਾਨਫਰੰਸ ਕੀਤੀ ਜਾਵੇਗੀ। ਜੂਨ 2021 ਵਿੱਚ ਇਸੇ ਕਮੇਟੀ ਨੇ ਆਪਣੀ ਮੁੱਢਲੀ ਰਿਪੋਰਟ ਜਾਰੀ ਕਰਦਿਆਂ ਹੋਇਆਂ ਆਖਿਆ ਸੀ ਕਿ ਉਨ੍ਹਾਂ ਵੱਲੋਂ ਪਾਇਆ ਗਿਆ ਹੈ ਕਿ ਇਹ ਹੌਲਨਾਕ ਰੁਝਾਨ ਅਤੀਤ ਵਿੱਚ ਹੀ ਨਹੀਂ ਸਗੋਂ ਅੱਜ ਵੀ ਬਾਦਸਤੂਰ ਜਾਰੀ ਹੈ।

ਰਿਪੋਰਟ ਵਿੱਚ ਆਖਿਆ ਗਿਆ ਕਿ ਇਸ ਤਰ੍ਹਾਂ ਧੱਕੇ ਨਾਲ ਕੀਤੀ ਜਾਣ ਵਾਲੀ ਨਸਬੰਦੀ ਦੀ ਰਿਪੋਰਟ ਹੀ ਬਹੁਤ ਘੱਟ ਕੀਤੀ ਜਾਂਦੀ ਹੈ ਤੇ ਇਸ ਦਾ ਸ਼ਿਕਾਰ ਬਹੁਤਾ ਕਰਕੇ ਇੰਡੀਜੀਨਸ ਮਹਿਲਾਵਾਂ ਹੁੰਦੀਆਂ ਹਨ। ਇਨ੍ਹਾਂ ਤੋਂ ਇਲਾਵਾ ਹੋਰ ਕਮਜ਼ੋਰ ਤੇ ਹਾਸ਼ੀਏ ਉੱਤੇ ਪਹੁੰਚੇ ਗਰੁੱਪਜ਼ ਦੀਆਂ ਔਰਤਾਂ ਵੀ ਇਸ ਦਾ ਸ਼ਿਕਾਰ ਹੁੰਦੀਆਂ ਹਨ।

ਇਸ ਸਬੰਧ ਵਿੱਚ ਮਾਮਲਾ ਉਸ ਸਮੇਂ ਉਜਾਗਰ ਹੋਇਆ ਜਦੋਂ ਸਸਕੈਚਵਨ ਦੀਆਂ ਦੋ ਇੰਡੀਜੀਨਸ ਮਹਿਲਾਵਾਂ ਵੱਲੋਂ 2017 ਵਿੱਚ ਇੱਕ ਕਲਾਸ ਐਕਸ਼ਨ ਲਾਅਸੂਟ ਦਾਇਰ ਕਰਵਾਇਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਹੀ ਉਨ੍ਹਾਂ ਦੀ ਨਸਬੰਦੀ ਕਰ ਦਿੱਤੀ ਗਈ। ਇਸ ਮਾਮਲੇ ਨੂੰ ਦਰਜ ਕਰਵਾਏ ਜਾਣ ਤੋਂ ਇੱਕ ਸਾਲ ਬਾਅਦ ਹੀ 100 ਹੋਰ ਮਹਿਲਾਵਾਂ ਵੀ ਇਸੇ ਤਰ੍ਹਾਂ ਦੀ ਸ਼ਿਕਾਇਤ ਲੈ ਕੇ ਸਾਹਮਣੇ ਆਈਆਂ।



# ਹੁਣ ਫਿਰ ਮੇਅਰ ਦੀ ਚੋਣ ਲੜਨਗੇ ਪੈਟ੍ਰਿਕ ਬ੍ਰਾਊਨ !



ਬਰੈਂਪਟਨ, 14 ਜੁਲਾਈ (ਪੋਸਟ ਬਿਊਰੋ) : ਪੈਟ੍ਰਿਕ ਬ੍ਰਾਊਨ ਦੇ ਬੁਲਾਰੇ ਨੇ ਦੱਸਿਆ ਕਿ ਡਿਸਕੁਆਲੀਫਾਈ ਹੋ ਚੁੱਕੇ ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਅਜੇ ਤੱਕ ਇਹ ਤੈਅ ਨਹੀਂ ਕਰ ਪਾਏ ਕਿ ਉਹ ਬਰੈਂਪਟਨ, ਓਨਟਾਰੀਓ ਦੇ ਮੇਅਰ ਦੀ ਚੋਣ ਮੁੜ ਲੜਨ ਜਾਂ ਨਹੀਂ। ਇਸ ਬਾਰੇ ਉਹ ਪਹਿਲਾਂ ਆਪਣੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨਾਲ ਗੱਲ ਕਰਨੀ ਚਾਹੁੰਦੇ ਹਨ।

ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦਾ ਆਗੂ ਬਣਨ ਲਈ ਬ੍ਰਾਊਨ ਬਰੈਂਪਟਨ ਦੇ ਮੇਅਰ ਦੀ ਜੌਬ ਛੱਡੇ ਬਿਨਾਂ ਹੀ ਮੈਦਾਨ ਵਿੱਚ ਨਿੱਤਰ ਗਏ ਸਨ। ਉਹ ਪਹਿਲਾਂ ਇਹ ਵੀ ਆਖ ਚੁੱਕੇ ਹਨ ਕਿ ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਫੈਡਰਲ ਦੌੜ ਨਹੀਂ ਜਿੱਤ ਸਕਣਗੇ ਤਾਂ ਉਹ ਅਕਤੂਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਖੜ੍ਹੇ ਹੋਣ ਬਾਰੇ ਸੋਚ ਸਕਦੇ ਹਨ ਤੇ ਉਨ੍ਹਾਂ ਕੋਲ ਮੇਅਰ ਵਜੋਂ ਉਮੀਦਵਾਰ ਬਣਨ ਲਈ 19 ਅਗਸਤ ਤੱਕ ਦਾ ਸਮਾਂ ਹੋਵੇਗਾ।

ਫੈਡਰਲ ਚੋਣ ਵਿੱਚ ਬ੍ਰਾਊਨ ਦੀ ਸਥਿਤੀ ਪਿਛਲੇ ਹਫਤੇ ਉਦੋਂ ਬਦਲੀ ਜਦੋਂ ਪਾਰਟੀ ਦੀ ਲੀਡਰਸ਼ਿਪ ਚੋਣ ਦਾ ਪ੍ਰਬੰਧ ਕਰਨ ਵਾਲੀ ਕਮੇਟੀ ਨੇ ਫੈਡਰਲ ਵਿੱਤੀ ਨਿਯਮਾਂ ਦੀ ਉਲੰਘਣਾਂ ਕਰਨ ਦੇ ਦੋਸ਼ਾਂ ਦੇ ਚੱਲਦਿਆਂ ਉਨ੍ਹਾਂ ਨੂੰ ਡਿਸਕੁਆਲੀਫਾਈ ਕਰਨ ਦਾ ਐਲਾਨ ਕੀਤਾ।

# ਸ਼ੈਂਪੇਨ ਨੇ ਐਮਰਜੰਸੀ ਦੌਰਾਨ ਟੈਲੀਕੌਮ ਕੰਪਨੀਆਂ ਨੂੰ ਇਕ ਦੂਜੇ ਦੀ ਮਦਦ ਕਰਨ ਦੇ ਦਿੱਤੇ ਨਿਰਦੇਸ਼

ਓਟਵਾ, 14 ਜੁਲਾਈ (ਪੋਸਟ ਬਿਊਰੋ) : ਇੰਡਸਟਰੀ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਟੈਲੀਕੌਮ ਕੰਪਨੀਆਂ ਨੂੰ ਇਹ ਤਾੜਨਾ ਕੀਤੀ ਹੈ ਕਿ ਉਹ ਐਮਰਜੰਸੀ ਰੋਮਿੰਗ ਸਬੰਧੀ ਸਮਝੌਤਾ ਕਰਨ, ਔਖੇ ਸਮੇਂ ਦੌਰਾਨ ਇੱਕ ਦੂਜੇ ਦੀ ਮਦਦ ਕਰਨ ਤੇ ਐਮਰਜੰਸੀ ਦੌਰਾਨ ਕੈਨੇਡੀਅਨਜ਼ ਤੇ ਅਧਿਕਾਰੀਆਂ ਨੂੰ ਜਾਣੂ ਕਰਵਾਉਣ ਲਈ ਕਮਿਊਨਿਕੇਸ਼ਨ ਪ੍ਰੋਟੋਕਾਲ ਦੀ ਪਾਲਣਾ ਕਰਨ।

ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਨੂੰ ਰੌਜਰਜ਼ ਕਮਿਊਨਿਕੇਸ਼ਨਜ਼ ਦੇ ਨੈੱਟਵਰਕ ਵਿੱਚ ਵੱਡੀ ਗੜਬੜੀ ਹੋਣ ਕਾਰਨ ਦੇਸ਼ ਭਰ ਵਿੱਚ ਕੰਪਨੀ ਦੇ ਕਸਟਮਰਜ਼ ਤੇ ਕਾਰੋਬਾਰਾਂ ਨੂੰ ਲੰਮੇਂ ਸਮੇਂ ਤੱਕ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਤੋਂ ਬਿਨਾਂ ਰਹਿਣਾ ਪਿਆ। ਇੱਥੇ ਹੀ ਬੱਸ ਨਹੀਂ ਕੰਪਨੀ ਦੇ ਕਸਟਮਰਜ਼ ਨੂੰ 911 ਉੱਤੇ ਸੰਪਰਕ ਕਰਨ ਤੇ ਡੈਬਿਟ ਸਬੰਧੀ ਲੈਣ-ਦੇਣ ਵਿੱਚ ਵੀ ਦਿੱਕਤਾਂ ਪੇਸ਼ ਆਈਆਂ। ਸੋਮਵਾਰ ਨੂੰ ਸ਼ੈਂਪੇਨ ਨੇ ਟਵਿੱਟਰ ਉੱਤੇ ਆਖਿਆ ਕਿ ਉਨ੍ਹਾਂ ਸਾਰੀਆਂ



ਮੁੱਖ ਟੈਲੀਕੌਮ ਕੰਪਨੀਆਂ ਦੇ ਹੈੱਡਜ਼ ਨੂੰ ਇੱਕਠਾ ਕੀਤਾ ਤੇ ਮੰਗ ਕੀਤੀ ਕਿ ਉਹ ਲਚਕੀਲੇਪਣ ਤੇ ਨੈੱਟਵਰਕਸ ਵਿੱਚ ਭਰੋਸੇਯੋਗਤਾ ਵਿੱਚ ਸੁਧਾਰ ਕਰਨ ਲਈ ਫੌਰੀ ਕਦਮ ਚੁੱਕਣ। ਉਨ੍ਹਾਂ ਇਹ ਵੀ ਆਖਿਆ ਕਿ 60 ਦਿਨਾਂ ਦੇ ਅੰਦਰ ਅੰਦਰ ਰਸਮੀ ਤੌਰ ਉੱਤੇ ਇਸ ਤਰ੍ਹਾਂ ਦਾ ਕੋਈ ਸਮਝੌਤਾ ਕਰਨਾ ਯਕੀਨੀ ਬਣਾਇਆ ਜਾਵੇ।

ਸ਼ਨਿੱਚਰਵਾਰ ਨੂੰ ਕਸਟਮਰਜ਼ ਨੂੰ ਲਿਖੇ ਖੁੱਲ੍ਹੇ ਪੱਤਰ ਵਿੱਚ ਰੌਜਰਜ਼ ਦੇ ਪ੍ਰੈਜ਼ੀਡੈਂਟ ਤੇ ਸੀਈਓ ਟੋਨੀ ਸਟੈਫਿਏਰੀ ਨੇ ਮੁਆਫੀ ਮੰਗੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਬੰਧ ਵਿੱਚ ਜਾਂਚ ਵੀ ਚੱਲ ਰਹੀ ਹੈ।

# ਰੈਸਟੋਰੈਂਟ ਵਿੱਚ ਇੱਕ ਵਿਅਕਤੀ ਉੱਤੇ ਹੋਇਆ ਹਿੰਸਕ ਹਮਲਾ, ਹਾਲਤ ਨਾਜ਼ੁਕ

ਸਕਾਰਬਰੋ, 12 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਸਕਾਰਬਰੋ ਦੇ ਟਾਊਨ ਸੈਂਟਰ ਵਿੱਚ ਹਿੰਸਕ ਤੌਰ ਉੱਤੇ ਕੀਤੇ ਗਏ ਹਮਲੇ ਤੋਂ ਬਾਅਦ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਪੁਲਿਸ ਅਧਿਕਾਰੀਆਂ ਨੂੰ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ ਰੈਸਟੋਰੈਂਟ ਵਿੱਚ ਇੱਕ ਵਿਅਕਤੀ ਉੱਤੇ ਹਮਲਾ ਹੋਣ ਦੀਆਂ ਰਿਪੋਰਟਾਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਦੂਜੇ ਵਿਅਕਤੀ ਉੱਤੇ ਹਮਲਾ ਕਰ ਦਿੱਤਾ। ਕੁੱਝ ਲੋਕ ਜ਼ਖ਼ਮੀ ਹੋਏ ਵਿਅਕਤੀ ਦੀ ਮਦਦ ਲਈ ਵੀ ਆਏ ਤੇ ਉਸ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ।

ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਹ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ ਹਨ।

# ਯੂਨੀਫੌਰ ਨਾਲ ਡੀਲ ਸਿਰੇ ਚੜ੍ਹਨ ਉੱਤੇ ਵਾਇਆ ਰੇਲ ਦੀ ਹੜਤਾਲ ਟਲੀ



ਓਟਵਾ, 14 ਜੁਲਾਈ (ਪੋਸਟ ਬਿਊਰੋ) : ਵਾਇਆ ਰੇਲ, ਯੂਨੀਫੌਰ ਕਾਊਂਸਲ 4000 ਤੇ ਲੋਕਲ 100 ਵੱਲੋਂ ਡੈੱਡਲਾਈਨ ਮੁੱਕਣ ਤੋਂ ਠੀਕ ਪਹਿਲਾਂ ਡੀਲ ਸਿਰੇ ਚੜ੍ਹਨ ਦਾ ਐਲਾਨ ਕੀਤਾ ਗਿਆ। ਜੇ ਇਹ ਡੀਲ ਸਿਰੇ ਨਾ ਚੜ੍ਹਦੀ ਤਾਂ 2,400 ਵਰਕਰਜ਼ ਹੜਤਾਲ ਉੱਤੇ ਜਾ ਸਕਦੇ ਸਨ।

ਵਾਇਆ ਰੇਲ ਵੱਲੋਂ ਦੇਰ ਰਾਤ ਜਾਰੀ ਕੀਤੇ ਬਿਆਨ ਅਨੁਸਾਰ ਸਿਰੇ ਚੜ੍ਹੀ ਡੀਲ ਪਹਿਲੀ ਜਨਵਰੀ 2022 ਤੋਂ ਲਾਗੂ ਹੋਵੇਗੀ ਤੇ 31 ਦਸੰਬਰ, 2024 ਤੱਕ ਪ੍ਰਭਾਵੀ ਰਹੇਗੀ। ਇਸ ਡੀਲ ਦੀ ਪੁਸ਼ਟੀ ਅਜੇ ਯੂਨੀਅਨ ਵੱਲੋਂ ਕੀਤੀ ਜਾਣੀ ਬਾਕੀ ਹੈ। ਸੀਈਓ ਮਾਰਟਿਨ ਆਰ ਲੈਂਡਰੀ ਅਨੁਸਾਰ ਵਾਇਆ ਰੇਲ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਡੀਲ ਸਬੰਧੀ ਗੱਲਬਾਤ ਸ਼ੁਰੂ ਹੋਈ ਤੇ ਇਸ ਪ੍ਰਕਿਰਿਆ ਦੌਰਾਨ ਦੋਵਾਂ ਧਿਰਾਂ ਵੱਲੋਂ ਕੀਤੀ ਗਈ ਮਿਹਨਤ ਉੱਤੇ ਉਨ੍ਹਾਂ ਖੁਸ਼ੀ ਪ੍ਰਗਟਾਈ।

ਉਨ੍ਹਾਂ ਆਖਿਆ ਕਿ ਇਸ ਡੀਲ ਦੀ ਪੁਸ਼ਟੀ ਹੋਣ ਤੱਕ ਅਸੀਂ ਇੱਕ ਵਾਰੀ ਫਿਰ ਆਪਣੇ ਕੰਮ ਵਿੱਚ ਜੁਟ ਸਕਾਂਗੇ। ਅਜੇ ਤੱਕ ਨਵੇਂ ਸਮਝੌਤੇ ਸਬੰਧੀ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

# ਆਪਣੇ ਗਾਹਕਾਂ ਨੂੰ 5 ਦਿਨਾਂ ਦੀ ਸਰਵਿਸ ਬਦਲੇ ਕ੍ਰੈਡਿਟ ਦੇਵੇਗੀ ਰੌਜਰਜ਼

ਓਟਵਾ, 14 ਜੁਲਾਈ (ਪੋਸਟ ਬਿਊਰੋ) : ਰੌਜਰਜ਼ ਕਮਿਊਨਿਕੇਸ਼ਨਜ਼ ਇਨਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਨੂੰ ਕੈਨੇਡਾ ਭਰ ਵਿੱਚ ਸਰਵਿਸ ਵਿੱਚ ਪਏ ਵਿਘਨ ਮਗਰੋਂ ਆਪਣੇ ਗਾਹਕਾਂ ਨੂੰ ਪੰਜ ਦਿਨ ਦੀ ਸਰਵਿਸ ਬਦਲੇ ਕ੍ਰੈਡਿਟ ਦੇਣਗੇ।

ਨੈੱਟਵਰਕ ਵਿੱਚ ਹੋਈ ਇਸ ਗੜਬੜੀ ਕਰਕੇ ਰੌਜਰਜ਼ ਦੇ ਕਸਟਮਰਜ਼ ਤੇ ਕਾਰੋਬਾਰੀ ਭਾਈਵਾਲਾਂ ਨੂੰ ਬਿਨਾਂ ਇੰਟਰਨੈੱਟ ਤੇ ਮੋਬਾਈਲ ਸੇਵਾ ਦੇ ਰਹਿਣਾ ਪਿਆ। ਇਸ ਗੜਬੜੀ ਕਰਕੇ ਲੋਕਾਂ ਨੂੰ 911 ਤੇ ਡੈਬਿਟ ਟਰਾਂਸੈਕਸ਼ਨਜ਼ ਵਿੱਚ ਵੀ ਕਈ ਤਰ੍ਹਾਂ ਦੀਆਂ ਦਿੱਕਤਾਂ ਆਈਆਂ। ਰੌਜਰਜ਼ ਦੇ ਪ੍ਰੈਜ਼ੀਡੈਂਟ ਤੇ ਸੀਈਓ ਟੋਨੀ ਸਟੈਫਿਏਰੀ ਨੇ ਵੀਕੈਂਡ ਉੱਤੇ ਆਪਣੇ ਗਾਹਕਾਂ ਨੂੰ ਖੁੱਲ੍ਹਾ ਪੱਤਰ ਲਿਖ ਕੇ ਉਨ੍ਹਾਂ ਤੋਂ ਮੁਆਫੀ ਮੰਗੀ।




ਇੱਕ ਬਿਆਨ ਵਿੱਚ ਰੌਜਰਜ਼ ਦੇ ਬੁਲਾਰੇ ਕਲੋਏ ਲੁਸੀਆਨੀ ਗਿਰਾਰਡ ਨੇ ਆਖਿਆ ਕਿ ਜਿਹੜੀ ਗੜਬੜੀ ਹੋਈ ਹੈ ਉਸ ਬਾਰੇ ਕੈਨੇਡਾ ਭਰ ਤੋਂ ਸਾਡੇ ਕੋਲ ਸ਼ਿਕਾਇਤਾਂ ਆਈਆਂ। ਸਾਨੂੰ ਪਤਾ ਹੈ ਕਿ ਸਾਨੂੰ ਆਪਣੇ ਗਾਹਕਾਂ ਦਾ ਵਿਸ਼ਵਾਸ ਇੱਕ ਵਾਰੀ ਫਿਰ ਜਿੱਤਣਾ ਹੋਵੇਗਾ। ਇਸ ਲਈ ਪਹਿਲਾ ਕਦਮ ਚੁੱਕਦਿਆਂ ਹੋਇਆਂ ਅਸੀਂ ਆਪਣੇ ਗਾਹਕਾਂ ਨੂੰ ਪੰਜ ਦਿਨ ਦੀ ਸਰਵਿਸ ਬਦਲੇ ਕ੍ਰੈਡਿਟ ਦੇਵਾਂਗੇ। ਕੈਨੇਡੀਅਨਾਂ ਦਾ ਆਪਣੇ ਵਿੱਚ ਭਰੋਸਾ ਮੁੜ ਹਾਸਲ ਕਰਨ ਵਿੱਚ ਅਸੀਂ ਦਿਨ ਰਾਤ ਇੱਕ ਕਰਕੇ ਕੰਮ ਕਰਾਂਗੇ ਤੇ ਕੋਈ ਕਸਰ ਨਹੀਂ ਛੱਡਾਂਗੇ।

# ਇਸ ਵੀਕੈਂਡ ਟੋਰਾਂਟੋ ਪਰਤ ਆਵੇਗਾ ਹੌਂਡਾ ਇੰਡੀ ਫੈਸਟੀਵਲ

ਟੋਰਾਂਟੋ, 14 ਜੁਲਾਈ (ਪੋਸਟ ਬਿਊਰੋ) : ਇਸ ਵੀਕੈਂਡ ਹੌਂਡਾ ਇੰਡੀ ਫੈਸਟੀਵਲ ਟੋਰਾਂਟੋ ਲੇਕ ਸ਼ੋਰ ਪਰਤ ਆਵੇਗਾ। ਅਜਿਹਾ ਤ੍ਰਿੰਨ ਸਾਲਾਂ ਵਿੱਚ ਪਹਿਲੀ ਵਾਰੀ ਹੋ ਰਿਹਾ ਹੈ। ਇਸ ਫੈਸਟੀਵਲ ਦੇ ਚੱਲਦਿਆਂ ਕਈ ਸਟਰੀਟਸ ਨੂੰ ਹੁਣੇ ਤੋਂ ਹੀ ਬੰਦ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਐਗਜ਼ੀਬਿਸ਼ਨ ਪਲੇਸ ਦੇ ਅੰਦਰ ਤੇ ਬਾਹਰ ਲੇਕ ਸ਼ੋਰ ਬੁਲੇਵਰਡ ਨੂੰ ਸੋਮਵਾਰ ਤੜਕੇ 1:00 ਵਜੇ ਤੱਕ ਸਟ੍ਰੈਚਨ ਐਵਨਿਊ ਤੇ ਬ੍ਰਿਟਿਸ਼ ਕੋਲੰਬੀਆ ਰੋਡ ਦਰਮਿਆਨ ਬੰਦ ਕਰ ਦਿੱਤਾ ਗਿਆ ਹੈ। ਫਲੀਟ ਸਟਰੀਟ ਤੇ ਲੇਕ ਸ਼ੋਰ ਦਰਮਿਆਨ ਸਟ੍ਰੈਚਨ ਦੀਆਂ ਦੱਖਣ ਵਾਲੀਆਂ ਲੇਨਜ਼ ਨੂੰ ਐਤਵਾਰ ਅੱਧੀ ਰਾਤ ਤੱਕ ਬੰਦ ਕਰ ਦਿੱਤਾ ਗਿਆ ਹੈ। 2019 ਤੋਂ ਬਾਅਦ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਹੌਂਡਾ ਇੰਡੀ ਫੈਸਟੀਵਲ ਸਿਟੀ ਵਿੱਚ ਵਾਪਿਸ ਆਇਆ ਹੈ। ਕੋਵਿਡ-19 ਮਹਾਂਮਾਰੀ ਕਾਰਨ ਇਹ ਫੈਸਟੀਵਲ ਦੋ ਸਾਲਾਂ ਲਈ ਬੰਦ ਹੀ ਰਹਿਣ ਦਿੱਤਾ ਗਿਆ ਸੀ।

ਇਸ ਫੈਸਟੀਵਲ ਦੀ ਸ਼ੁਰੂਆਤ ਫੈਨ ਫਰਾਈਡੇਅ (ਸ਼ੁੱਕਰਵਾਰ) ਨੂੰ ਹੋਵੇਗੀ ਤੇ ਵੱਡੀ ਇੰਡੀ ਰੇਸ ਐਤਵਾਰ ਨੂੰ ਹੋਵੇਗੀ। ਫੈਨ ਫਰਾਈਡੇਅ ਬਿਨਾਂ ਟਿਕਟ ਵਾਲਾ ਈਵੈਂਟ ਹੋਵੇਗਾ ਤੇ ਸੀਟਿੰਗ ਲਈ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਉੱਤੇ ਟਿਕਟਾਂ ਦਿੱਤੀਆਂ ਜਾਣਗੀਆਂ। ਇਸ ਦੌਰਾਨ ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਵੱਲੋਂ ਵੈਕਸੀਨ ਕਲੀਨਿਕਸ ਵੀ ਖੋਲ੍ਹੇ ਜਾਣਗੇ।

# ਕੈਨੇਡਾ ਵਿੱਚ ਪਾਇਆ ਗਿਆ ਓਮਾਈਕ੍ਰੌਨ ਦਾ ਨਵਾਂ ਸਬਵੇਰੀਐਂਟ ਬੀਏ.2.75

ਓਟਵਾ, 14 ਜੁਲਾਈ (ਪੋਸਟ ਬਿਊਰੋ) : ਭਾਰਤ ਵਿੱਚ ਇੱਕ ਵਾਰੀ ਫਿਰ ਇਨਫੈਕਸ਼ਨ ਫੈਲਾ ਰਿਹਾ ਓਮਾਈਕ੍ਰੌਨ ਦਾ ਨਵਾਂ ਸਬਵੇਰੀਐਂਟ ਬੀਏ.2.75 ਕੈਨੇਡਾ ਵਿੱਚ ਵੀ ਮਿਲਿਆ ਹੈ।

ਕਰੋਨਾਵਾਇਰਸ ਦੇ ਇਸ ਵੇਰੀਐਂਟ ਦੇ ਕਈ ਮਾਮਲੇ ਭਾਰਤ ਵਿੱਚ ਮਿਲੇ ਹਨ ਤੇ ਘੱਟ ਗਿਣਤੀ ਵਿੱਚ ਅਜਿਹੇ ਮਾਮਲੇ 10 ਹੋਰਨਾਂ ਦੇਸ਼ਾਂ ਵਿੱਚ ਵੀ ਮਿਲੇ ਹਨ। ਇਨ੍ਹਾਂ ਵਿੱਚ ਆਸਟਰੇਲੀਆ, ਜਰਮਨੀ, ਯੂਨਾਈਟਿਡ ਕਿੰਗਡਮ, ਅਮਰੀਕਾ ਤੇ ਕੈਨੇਡਾ ਸ਼ਾਮਲ ਹਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬੀਏ.2.75 ਇੱਕ ਤੋਂ ਦੂਜੇ ਵਿਅਕਤੀ ਤੱਕ ਬੜੀ ਤੇਜ਼ੀ ਨਾਲ ਫੈਲਦਾ ਹੈ ਤੇ ਇਹ ਵੈਕਸੀਨਜ਼ ਨੂੰ ਮਾਤ ਦੇਣ ਅਤੇ ਪੁਰਾਣੀਆਂ ਇਨਫੈਕਸ਼ਨਜ਼ ਤੋਂ ਲੋਕਾਂ ਨੂੰ



ਹਾਸਲ ਹੋਈ ਇਮਿਊਨਿਟੀ ਦੇ ਅਸਰ ਨੂੰ ਖ਼ਤਮ ਕਰਨ ਦੇ ਸਮਰੱਥ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਹੋਰਨਾਂ ਵੇਰੀਐਂਟਸ ਨਾਲੋਂ ਵਧੇਰੇ ਖਤਰਨਾਕ ਹੈ ਜਾਂ ਨਹੀਂ।

ਰੌਚੈਸਟਰ, ਮਿਨੀਸੋਟਾ ਦੇ ਮੇਓ ਕਲੀਨਿਕ ਦੇ ਡਾਇਰੈਕਟਰ ਆਫ ਕਲੀਨਿਕਲ ਵਾਇਰੌਲੋਜੀ ਮੈਥਿਊ ਬਿਨਿਕਰ ਨੇ ਆਖਿਆ ਕਿ ਇਸ ਬਾਰੇ ਤੁਰੰਤ ਕਿਸੇ ਹੱਲ ਉੱਤੇ ਪਹੁੰਚਣਾ ਜਲਦਬਾਜ਼ੀ ਵਾਲੀ ਗੱਲ ਹੋਵੇਗੀ। ਪਰ ਭਾਰਤ ਵਿੱਚ ਇਸ ਵੇਰੀਐਂਟ ਦੇ ਸਾਹਮਣੇ ਆ ਰਹੇ ਮਾਮਲਿਆਂ ਤੋਂ ਆਖਿਆ ਜਾ ਸਕਦਾ ਹੈ ਕਿ ਇਸ ਦੇ ਫੈਲਣ ਦੀ ਰਫਤਾਰ ਕਾਫੀ ਤੇਜ਼ ਹੈ।

# ਉਸਾਰੀ ਅਧੀਨ ਇਮਾਰਤ ਵਿੱਚ ਲੱਗੀ ਅੱਗ, 10 ਮਿਲੀਅਨ ਦਾ ਹੋਇਆ ਨੁਕਸਾਨ

ਹੈਮਿਲਟਨ, 14 ਜੁਲਾਈ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਹੈਮਿਲਟਨ ਵਿੱਚ ਉਸਾਰੀ ਅਧੀਨ ਕਈ ਘਰ ਅੱਗ ਦੀ ਚਪੇਟ ਵਿੱਚ ਆ ਗਏ।

ਇਹ ਅੱਗ ਸੋਮਵਾਰ ਦੁਪਹਿਰ ਨੂੰ 4:00 ਵਜੇ ਤੋਂ ਪਹਿਲਾਂ ਰਾਇਮਲ ਰੋਡ ਤੇ ਅੱਪਰ ਰੈੱਡ ਹਿੱਲ ਵੈਲੀ ਪਾਰਕਵੇਅ ਨੇੜੇ ਨਵੇਂ ਲੋਸਾਨੀ ਹੋਮਜ਼ ਡਿਵੈਲਪਮੈਂਟ ਵਿੱਚ ਲੱਗੀ। ਹੈਮਿਲਟਨ ਦੇ ਫਾਇਰ ਚੀਫ ਡੇਵ ਕਨਲਿੱਫ ਨੇ ਆਖਿਆ ਕਿ ਅੱਗ ਕਾਰਨ ਉਸਾਰੀ ਅਧੀਨ 23 ਯੂਨਿਟਸ ਨੂੰ



ਨੁਕਸਾਨ ਪਹੁੰਚਿਆ। ਇਸ ਤੋਂ ਇਲਾਵਾ 12 ਯੂਨਿਟਸ ਤਾਂ ਪੂਰੀ ਤਰ੍ਹਾਂ ਹੀ ਨੁਕਸਾਨੀਆ ਗਈਆਂ ਤੇ ਉਨ੍ਹਾਂ ਦੀਆਂ ਖਿੜਕੀਆਂ ਤਪਿਸ਼ ਕਾਰਨ ਚੂਰ ਚੂਰ ਹੋ ਗਈਆਂ।

ਉਨ੍ਹਾਂ ਦੱਸਿਆ ਕਿ ਕਈ ਯੂਨਿਟਸ ਉਸਾਰੀ ਅਧੀਨ ਹੋਣ ਕਾਰਨ ਉਨ੍ਹਾਂ ਨੂੰ ਬੰਦ ਨਹੀਂ ਸੀ ਕੀਤਾ ਗਿਆ ਤੇ ਜਦੋਂ ਅੱਗ ਲੱਗੀ ਤਾਂ ਹਵਾ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ। ਉਨ੍ਹਾਂ ਦੱਸਿਆ ਕਿ ਅੱਗ ਉੱਤੇ ਕਾਬੂ ਪਾਉਣ ਲਈ 70 ਫਾਇਰਫਾਈਟਰਜ਼ ਲਾਏ ਗਏ। ਉਨ੍ਹਾਂ ਦੱਸਿਆ ਕਿ ਇਸ ਸਮੇਂ ਅੱਗ ਉੱਤੇ ਕਾਬੂ ਪਾਇਆ ਜਾ ਚੁੱਕਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਿੰਨ੍ਹਾਂ ਘਰਾਂ ਦਾ ਕਬਜ਼ਾ ਲਿਆ ਜਾ ਚੁੱਕਿਆ ਹੈ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਇਸ ਘਟਨਾ ਕਾਰਨ ਅੰਦਾਜ਼ਨ 10 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੋ ਸਕਦਾ ਹੈ।

# ਘਰ ਵਿੱਚ ਵਾਪਰੀ ਹਿੰਸਕ ਵਾਰਦਾਤ ਮਗਰੋਂ ਇੱਕ ਵਿਅਕਤੀ ਦੀ ਹੋਈ ਮੌਤ

ਦਰਹਾਮ, 14 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਘਰ ਵਿੱਚ ਵਾਪਰੀ ਇੱਕ ਹਿੰਸਕ ਵਾਰਦਾਤ ਦੌਰਾਨ ਛੁਰੇਬਾਜ਼ੀ ਮਗਰੋਂ ਦਰਹਾਮ ਰੀਜਨਲ ਪੁਲਿਸ ਇੱਕ ਮਸ਼ਕੂਕ ਦੀ ਭਾਲ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਦੱਖਣੀ ਵ੍ਹਿਟਬੀ ਵਿੱਚ ਰੇਗਾਟਾ ਕੋਰਟ ਉੱਤੇ ਦੁਪਹਿਰੇ 4:00 ਵਜੇ ਦੇ ਨੇੜੇ ਉਨ੍ਹਾਂ ਨੂੰ ਇੱਕ ਘਰ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।



ਅਜੇ ਤੱਕ ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ ਤੇ ਨਾ ਹੀ ਮਸ਼ਕੂਕ ਬਾਰੇ ਕਿਸੇ ਤਰ੍ਹਾਂ ਦੀ ਜਾਣਕਾਰੀ ਦਾ ਹੀ ਖੁਲਾਸਾ ਕੀਤਾ ਗਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਉਹ ਜਲਦ ਹੀ ਇਸ ਸਬੰਧ ਵਿੱਚ ਮੀਡੀਆ ਨੂੰ ਜਾਣਕਾਰੀ ਦੇਣ ਲਈ ਇੱਕ ਬੁਲਾਰਾ ਉਪਲਬਧ ਕਰਾਵੇਗੀ।















# ਬਹੁਗਿਣਤੀ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਇਸ ਸਮੇਂ ਮੰਦਵਾੜੇ ਵਿੱਚੋਂ ਲੰਘ ਰਿਹਾ ਹੈ ਕੈਨੇਡਾ

ਓਟਵਾ, 14 ਜੁਲਾਈ (ਪੋਸਟ ਬਿਊਰੋ) : ਬਹੁਤੇ ਕੈਨੇਡੀਅਨਜ਼ ਦਾ ਇਹ ਮੰਨਣਾ ਹੈ ਕਿ ਦੇਸ਼ ਇਸ ਸਮੇਂ ਮੰਦਵਾੜੇ ਵਿੱਚੋਂ ਲੰਘ ਰਿਹਾ ਹੈ ਤੇ ਨੇੜ ਭਵਿੱਖ ਵਿੱਚ ਵੀ ਵਸਤਾਂ ਦੀਆਂ ਕੀਮਤਾਂ ਵਿੱਚ ਹੋਣ ਵਾਲਾ ਵਾਧਾ ਇਸੇ ਤਰ੍ਹਾਂ ਜਾਰੀ ਰਹੇਗਾ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਵਿੱਚ ਹੋਇਆ।

ਲੈਜਰ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਕੈਨੇਡੀਅਨ ਤੇ ਅਮੈਰੀਕਨਜ਼ ਤੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਦੇ ਟਰੈਵਲ, ਏਅਰਪੋਰਟਸ ਉੱਤੇ ਹੋਣ ਵਾਲੀ ਦੇਰ ਤੇ ਮਹਿਗਾਈ ਬਾਰੇ ਕੀ ਵਿਚਾਰ ਹਨ। ਇਸ ਉੱਤੇ 80 ਫੀ ਸਦੀ ਕੈਨੇਡੀਅਨਜ਼ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਜਾਰੀ ਰਹੇਗਾ ਤੇ 59 ਫੀ ਸਦੀ ਨੇ ਦੱਸਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਸਮੇਂ ਕੈਨੇਡਾ ਆਰਥਿਕ ਮੰਦਵਾੜੇ ਵਿੱਚੋਂ ਲੰਘ ਰਿਹਾ ਹੈ।

ਲੈਜਰ ਦੇ ਵਾਈਸ ਪ੍ਰੈਜ਼ੀਡੈਂਟ ਐਂਡਰਿਊ ਐਨਜ਼ ਨੇ ਆਖਿਆ ਕਿ ਇਹ ਅਰਥਸ਼ਾਸਤਰੀਆਂ ਤੇ ਕਾਰੋਬਾਰੀਆਂ ਲਈ ਕੋਈ ਵਧੀਆ ਖਬਰ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਸਮੇਂ ਲੋਕਾਂ ਨੂੰ ਮਹਿਗਾਈ ਦੀ ਮਾਰ ਸਹਿਣੀ ਪੈ ਰਹੀ ਹੈ, ਘਰਾਂ ਦੇ ਬਜਟ ਲਈ ਹੱਥ ਘੁੱਟਣੇ ਪੈ ਰਹੇ ਹਨ ਤੇ ਉਹ ਬਹੁਤੀ ਖਰੀਦੋ ਫਰੋਖ਼ਤ ਵੀ ਨਹੀਂ ਕਰ ਪਾ ਰਹੇ। ਕੰਜ਼ਿਊਮਰਜ਼ ਨੂੰ ਜੂਨ ਗੁਜ਼ਾਰੇ ਦੀ ਚਿੰਤਾ ਸਤਾ ਰਹੀ ਹੈ ਤੇ ਖਰਚਾ ਕਰਨ ਵੱਲ ਉਨ੍ਹਾਂ ਦਾ ਧਿਆਨ ਘੱਟ ਹੈ।



ਅਮਰੀਕਾ ਵਿੱਚ ਵੀ ਹਾਲਾਤ ਇਹੋ ਜਿਹੇ ਹੀ ਹਨ, ਉੱਥੇ 64 ਫੀ ਸਦੀ ਅਮੈਰੀਕਨਜ਼ ਦਾ ਮੰਨਣਾ ਹੈ ਕਿ ਉਹ ਮੰਦਵਾੜੇ ਵਿੱਚੋਂ ਲੰਘ ਰਹੇ ਹਨ, 19 ਫੀ ਸਦੀ ਨੂੰ ਅਜੇ ਇਸ ਬਾਰੇ ਕੋਈ ਜਾਣਕਾਰੀ ਨਹੀਂ। 66 ਫੀ ਸਦੀ ਅਮੈਰੀਕਨਜ਼ ਦਾ ਮੰਨਣਾ ਹੈ ਕਿ ਚੀਜ਼ਾਂ ਦੀਆਂ ਕੀਮਤਾਂ ਇਸੇ ਤਰ੍ਹਾਂ ਉੱਤੇ ਜਾਂਦੀਆਂ ਰਹਿਣਗੀਆਂ ਤੇ 16 ਫੀ ਸਦੀ ਨੇ ਆਖਿਆ ਕਿ ਹਾਲਾਤ ਸੁਧਰਨ ਲੱਗੇ ਹਨ।

53 ਫੀ ਸਦੀ ਨੇ ਆਖਿਆ ਕਿ ਫਲਾਈਟਸ ਰੱਦ ਹੋਣ ਜਾਂ ਦੇਰ ਹੋਣ ਤੇ ਲੰਮੀਆਂ ਲਾਈਨਾਂ ਕਾਰਨ ਉਨ੍ਹਾਂ ਨੂੰ ਏਅਰਪੋਰਟ ਟਰੈਵਲ ਤੋਂ ਡਰ ਲੱਗ ਰਿਹਾ ਹੈ ਜਦਕਿ 43 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਦੀ ਕੋਈ ਚਿੰਤਾ ਨਹੀਂ ਹੈ ਤੇ ਤਿੰਨ ਫੀ ਸਦੀ ਨੇ ਆਖਿਆ ਕਿ ਉਹ ਇਸ ਤਰ੍ਹਾਂ ਦੀ ਕਿਸੇ ਵੀ ਸਮੱਸਿਆ ਤੋਂ ਜਾਣੂ ਨਹੀਂ ਹਨ। ਪਾਸ-ਪੋਰਟ ਵਿੱਚ ਹੋਣ ਵਾਲੀ ਦੇਰ ਦੇ ਮੁੱਦੇ ਉੱਤੇ ਅੱਧੇ ਤੋਂ ਘੱਟ ਨੇ ਚਿੰਤਾ ਪ੍ਰਗਟਾਈ ਜਦਕਿ 50 ਫੀ ਸਦੀ ਨੇ ਆਖਿਆ ਕਿ ਇਸ ਵਿੱਚ ਚਿੰਤਾ ਵਾਲੀ ਕੋਈ ਗੱਲ ਨਹੀਂ।

# ਸ਼ਿਪਿੰਗ ਕੰਟੇਨਰ ਤੋਂ ਮਿਲੀਆਂ ਚੋਰੀ ਦੀਆਂ ਦੋ ਐਸਯੂਵੀਜ਼

ਓਨਟਾਰੀਓ, 14 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਟਰੈਫਿਕ ਲਾਈਟ ਉੱਤੇ ਰੁਕੇ ਟਰਾਲੇ ਵਿੱਚ ਲਿਜਾਏ ਜਾ ਰਹੇ ਸ਼ਿਪਿੰਗ ਕੰਟੇਨਰ ਵਿੱਚੋਂ ਚੋਰੀ ਦੀਆਂ ਦੋ ਐਸਯੂਵੀ ਮਿਲਣ ਤੋਂ ਬਾਅਦ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਇੱਕ ਟਰੱਕ ਡਰਾਈਵਰ ਨੂੰ ਚਾਰਜ ਕੀਤਾ ਗਿਆ ਹੈ।

ਮਿਸੀਸਾਗਾ ਦੇ ਓਪੀਪੀ ਨੂੰ ਇਹ ਸੂਹ ਮਿਲੀ ਸੀ ਕਿ ਚੋਰੀ ਦੀਆਂ ਗੱਡੀਆਂ ਇੱਕ ਟਰਾਲੇ ਵਿੱਚ ਲਿਜਾਈਆਂ ਜਾ ਰਹੀਆਂ ਹਨ। ਸੋਮਵਾਰ ਨੂੰ ਰਾਤੀਂ 8:00 ਵਜੇ ਪੁਲਿਸ ਅਧਿਕਾਰੀਆਂ ਨੇ ਇਟੋਬੀਕੋ ਵਿੱਚ ਰੈਕਸਡੇਲ ਨੇੜੇ ਹਾਈਵੇਅ 427 ਉੱਤੇ ਇੱਕ ਟਰੱਕ ਨੂੰ ਰੋਕਿਆ ਤੇ ਉਸ ਦੀ ਤਲਾਸ਼ੀ ਲਈ। ਉਸ ਵਿੱਚ ਲੱਦੇ ਹੋਏ ਸ਼ਿਪਿੰਗ ਕੰਟੇਨਰ ਵਿੱਚੋਂ ਚੋਰੀ ਦੀਆਂ ਦੋ ਗੱਡੀਆਂ ਇੱਕ ਜੀਪ ਚਿਰੋਕੀ ਤੇ ਇੱਕ ਰੇਂਜ ਰੋਵਰ ਮਿਲੀ। ਉਸ ਅਣਪਛਾਤੇ ਟਰੱਕ ਡਰਾਈਵਰ ਨੂੰ ਚੋਰੀ ਦੀ ਸੰਪਤੀ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ।




ਟੋਰਾਂਟੋ ਤੇ ਜੀਟੀਏ ਵਿੱਚ ਪਿੱਛੇ ਜਿਹੇ ਕਾਰਜੈਕਿੰਗ ਦੀਆਂ ਵਾਪਰੀਆਂ ਕਈ ਘਟਨਾਵਾਂ ਵਿੱਚ ਕਈ ਰੇਂਜ ਰੋਵਰਜ਼ ਚੋਰੀ ਕੀਤੀਆਂ ਗਈਆਂ। ਇਸ ਤਰ੍ਹਾਂ ਦੀ ਕਾਰਜੈਕਿੰਗ ਵਿੱਚ ਹਥਿਆਰਬੰਦ ਚੋਰੀਆਂ ਵੀ ਕਾਫੀ ਮਾਤਰਾ ਵਿੱਚ ਹੋਈਆਂ। ਪਿਛਲੇ ਮਹੀਨੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਓਕਵਿੱਲ ਵਿੱਚ ਹਿੰਸਕ ਕਾਰਜੈਕਿੰਗਜ਼ ਲਈ ਚਾਰਜ ਵੀ ਕੀਤਾ ਗਿਆ। ਇੱਥੇ ਵੀ ਬਹੁਤਾ ਕਰਕੇ ਰੇਂਜ ਰੋਵਰਜ਼ ਨੂੰ ਨਿਸ਼ਾਨਾ ਬਣਾਇਆ ਗਿਆ।

## ਕੋਵਿਡ-19 ਬੂਸਟਰ ਸ਼ੌਟਸ ਦੇ ਪਸਾਰ ਬਾਰੇ ਅੱਜ ਐਲਾਨ ਕਰਨਗੇ ਮੂਰ

ਓਨਟਾਰੀਓ, 14 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਬੁੱਧਵਾਰ ਨੂੰ ਕੋਵਿਡ-19 ਵੈਕਸੀਨ ਦੀ ਚੌਥੀ ਡੋਜ਼ ਦੇ ਪਸਾਰ ਦਾ ਐਲਾਨ ਕੀਤਾ ਜਾਵੇਗਾ।

ਡਾ. ਕੀਰਨ ਮੂਰ ਬੁੱਧਵਾਰ ਨੂੰ ਸਵੇਰੇ 11:00 ਵਜੇ ਇਸ ਵੈਕਸੀਨ ਸਬੰਧੀ ਐਲਾਨ ਦੇ ਨਾਲ ਨਾਲ ਪ੍ਰੋਵਿੰਸ ਦੀ ਰੈਪਿਡ ਐਂਟੀਜਨ ਟੈਸਟ ਦੀ ਵੰਡ ਦੀ ਵੀ ਅਪਡੇਟ ਦੇਣਗੇ। ਇਹ ਐਲਾਨ ਓਨਟਾਰੀਓ ਵਿੱਚ ਕੋਵਿਡ-19 ਦੀ ਸੱਤਵੀਂ ਵੇਵ ਦਰਮਿਆਨ ਆਇਆ। ਓਨਟਾਰੀਓ ਵਿੱਚ ਇੱਕ ਵਾਰੀ ਫਿਰ ਕੋਵਿਡ-19 ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ, ਪਾਜ਼ੀਟਿਵ ਦਰ ਵਿੱਚ ਵਾਧਾ ਹੋਇਆ ਹੈ ਤੇ ਲੋਕਾਂ ਨੂੰ ਹਸਪਤਾਲ ਦਾਖਲ



ਕਰਵਾਉਣ ਦਾ ਸਿਲਸਿਲਾ ਮੁੜ ਸ਼ੁਰੂ ਹੋ ਗਿਆ ਹੈ।

ਇਸ ਸਮੇਂ ਬੂਸਟਰ ਡੋਜ਼ 60 ਤੇ ਇਸ ਤੋਂ ਵੱਧ ਉਮਰ ਦੇ ਲੋਕਾਂ, ਜਿਨ੍ਹਾਂ ਦੀ ਇਮਿਊਨਿਟੀ ਕਮਜ਼ੋਰ ਹੈ ਤੇ ਇੰਡੀਜੀਨਸ ਆਬਾਦੀ ਲਈ ਹੀ ਉਪਲਬਧ ਹੈ। ਇਸ ਦੌਰਾਨ ਮੂਰ ਨੇ ਲੋਕਾਂ ਨੂੰ ਸਲਾਹ ਦਿੱਤੀ ਕਿ ਜੇ ਉਹ ਬੂਸਟਰ ਸ਼ੌਟ ਲੁਆ ਸਕਦੇ ਹਨ ਤਾਂ ਲੁਆ ਲੈਣ।

## ਵਿਆਜ਼ ਦਰਾਂ ਵਿੱਚ 0.75 ਫੀ ਸਦੀ ਵਾਧਾ ਕਰ ਸਕਦਾ ਹੈ ਬੈਂਕ ਆਫ ਕੈਨੇਡਾ




ਓਟਵਾ, 10 ਜੁਲਾਈ (ਪੋਸਟ ਬਿਊਰੋ) : ਇਕਨੌਮਿਸਟਸ ਵੱਲੋਂ ਇਹ ਪੇਸ਼ੀਨਿਗੋਈ ਕੀਤੀ ਜਾ ਰਹੀ ਹੈ ਕਿ ਬੈਂਕ ਆਫ ਕੈਨੇਡਾ ਵੱਲੋਂ ਬੁੱਧਵਾਰ ਨੂੰ ਵਿਆਜ਼ ਦਰਾਂ ਵਿੱਚ ਪਰਸੈਂਟੇਜ ਪੁਆਇੰਟ ਦਾ 0.75 ਫੀ ਸਦੀ ਵਾਧਾ ਕੀਤੇ ਜਾਣ ਦੀ ਸੰਭਾਵਨਾ ਹੈ। ਅਜਿਹਾ ਦੁਨੀਆਂ ਭਰ ਵਿੱਚ ਵੱਧ ਰਹੀ ਮਹਿੰਗਾਈ ਕਾਰਨ ਹੋ ਸਕਦਾ ਹੈ।

ਕੈਨੇਡਾ ਵਿੱਚ ਮਈ ਵਿੱਚ ਮਹਿੰਗਾਈ 39 ਸਾਲਾਂ ਵਿੱਚ ਪਹਿਲੀ ਵਾਰੀ 7.7 ਫੀ ਸਦੀ ਤੱਕ ਵਧੀ। ਇਹ ਸੈਂਟਰਲ ਬੈਂਕ ਵੱਲੋਂ ਲਾਏ ਗਏ ਕਿਆਫੇ ਤੋਂ ਦੋ ਫੀ ਸਦੀ ਵੱਧ ਸੀ। ਇਸ ਦੇ ਮੱਦੇਨਜ਼ਰ ਪਹਿਲੀ ਜੂਨ ਨੂੰ ਬੈਂਕ ਆਫ ਕੈਨੇਡਾ ਨੇ ਆਪਣੀਆਂ ਵਿਆਜ਼ ਦਰਾਂ ਵਿੱਚ ਅੱਧਾ ਪਰਸੈਂਟੇਜ ਪੁਆਇੰਟ ਵਾਧਾ ਕੀਤਾ। ਉਦੋਂ ਤੋਂ ਹੀ ਬੈਂਕ ਵੱਲੋਂ ਹੋਰ ਸਖ਼ਤ ਪਹੁੰਚ ਅਪਨਾਉਣ ਦਾ ਸੰਕੇਤ ਦਿੱਤਾ ਗਿਆ ਹੈ। 9 ਜੂਨ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਗਵਰਨਰ ਟਿੱਫ ਮੈਕਲਮ ਨੇ ਆਖਿਆ ਕਿ ਮਹਿੰਗਾਈ ਉੱਤੇ ਨਕੇਲ ਪਾਉਣ ਲਈ ਸਾਨੂੰ ਵਿਆਜ਼ ਦਰਾਂ ਵਿੱਚ ਵਾਧਾ ਕਰਨਾ ਹੋਵੇਗਾ। ਸਾਨੂੰ ਹੋਰ ਵੱਡੇ ਕਦਮ ਵੀ ਚੁੱਕਣੇ ਪੈ ਸਕਦੇ ਹਨ।

ਬਹੁਤੇ ਇਕਨੌਮਿਸਟਸ ਵੱਲੋਂ ਵਿਆਜ਼ ਦਰਾਂ ਵਿੱਚ ਪਰਸੈਂਟੇਜ ਪੁਆਇੰਟ ਦਾ ਤਿੰਨ ਚੌਥਾਈ ਵਾਧਾ ਕਰਨ ਦੀ ਪੇਸ਼ੀਨਗੋਈ ਕੀਤੀ ਗਈ ਹੈ। ਯੂਐਸ ਫੈਡਰਲ ਰਿਜ਼ਰਵ ਵੱਲੋਂ ਪਿਛਲੇ ਮਹੀਨੇ ਆਪਣੀਆਂ ਵਿਆਜ਼ ਦਰਾਂ ਵਿੱਚ ਇਸੇ ਤਰ੍ਹਾਂ ਵਾਧਾ ਕੀਤਾ ਗਿਆ ਸੀ।

## ਗੌਲਫ ਕਾਰਟ ਪਾਣੀ ਵਿੱਚ ਡੁੱਬਣ ਮਗਰੋਂ ਇੱਕ ਵਿਅਕਤੀ ਦੀ ਮਿਲੀ ਲਾਸ਼

ਓਨਟਾਰੀਓ, 14 ਜੁਲਾਈ (ਪੋਸਟ ਬਿਊਰੋ) : ਰਿਚਮੰਡ ਹਿੱਲ ਉੱਤੇ ਗੌਲਫ ਕਾਰਟ ਦੇ ਪਾਣੀ ਦੇ ਨਿੱਕੇ ਜਿਹੇ ਸਰੋਤ ਵਿੱਚ ਡਿੱਗ ਜਾਣ ਤੋਂ ਬਾਅਦ ਇੱਕ 71 ਸਾਲਾ ਵਿਅਕਤੀ ਦੀ ਲਾਸ਼ ਮਿਲੀ। ਇਹ ਜਾਣਕਾਰੀ ਯੌਰਕ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ।

ਗੌਲਫ ਕੋਰਸ ਉੱਤੇ ਵਾਪਰੀ ਇਸ ਤਰ੍ਹਾਂ ਦੀ ਘਟਨਾ ਦੀ ਰਿਪੋਰਟ ਮਿਲਦੇ ਸਾਰ ਸੋਮਵਾਰ ਨੂੰ ਦੁਪਹਿਰੇ ਜਾਂਚਕਾਰ ਲੈਜ਼ਲੀ ਸਟਰੀਟ ਤੇ ਬੇਅਵਿਊ ਐਵਨਿਊ ਨੇੜੇ ਸਥਿਤ ਡਾਇਮੰਡਬੈਕ ਗੌਲਫ ਕਲੱਬ ਪਹੁੰਚੇ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਅਕਤੀ ਦਾ ਗੌਲਫ ਕਾਰਟ ਹਾਦਸਾਗ੍ਰਸਤ ਹੋ ਕੇ ਇਸ ਪਾਣੀ ਦੇ ਸਰੋਤ ਵਿੱਚ ਜਾ ਡਿੱਗਿਆ। ਸਟਾਫ ਸਾਰਜੈਂਟ ਡੇਵ ਮਿਸ਼ੇਲ ਨੇ ਆਖਿਆ ਕਿ ਫਰਸਟ ਰਿਸਪਾਂਡਰਜ਼ ਨੂੰ ਪਾਣੀ ਵਿੱਚ ਕਿਸੇ ਵਿਅਕਤੀ ਦੀ ਲਾਸ਼ ਨਹੀਂ ਸੀ ਮਿਲੀ ਪਰ ਕਈ ਘੰਟੇ ਬਾਅਦ ਇਹ ਲਾਸ਼ ਪਾਣੀ ਵਿੱਚੋਂ ਮਿਲੀ।




ਮਿਸ਼ੇਲ ਨੇ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਇਹ ਵਿਅਕਤੀ ਗੌਲਫ ਕਾਰਟ ਤੋਂ ਆਪਣਾ ਸੰਤੁਲਨ ਗੁਆ ਬੈਠਿਆ ਤੇ ਪਾਣੀ ਵਿੱਚ ਜਾ ਡਿੱਗਿਆ। ਹੋਰਨਾਂ ਗੌਲਫਰਜ਼ ਨੇ ਇਸ ਵਿਅਕਤੀ ਦੀ ਭਾਲ ਵੀ ਕੀਤੀ ਪਰ ਉਨ੍ਹਾਂ ਨੂੰ ਉਹ ਕਿਤੇ ਨਹੀਂ ਮਿ-ਲਿਆ। ਯੌਰਕ ਰੀਜਨਲ ਪੁਲਿਸ ਦੀ ਮਰੀਨ ਯੂਨਿਟ ਨੂੰ ਇਸ ਵਿਅਕਤੀ ਦੀ ਲਾਸ਼ ਪਾਣੀ ਵਿੱਚੋਂ ਮਿਲੀ। ਮਿਸ਼ੇਲ ਨੇ ਦੱਸਿਆ ਕਿ ਗੌਲਫ ਕਾਰਟ ਵੀ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬਿਆ ਹੋਇਆ ਸੀ।

ਜਾਂਚਕਾਰ ਅਜੇ ਵੀ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਵਿਅਕਤੀ ਇੱਕਲਿਆਂ ਹੀ ਗੌਲਫ ਕਾਰਟ ਚਲਾ ਰਿਹਾ ਸੀ ਜਾਂ ਇਸ ਨਾਲ ਹੋਰ ਲੋਕ ਵੀ ਸਨ ਜਦੋਂ ਇਹ ਹਾਦਸਾ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇਹ ਸ਼ੱਕੀ ਮਾਮਲਾ ਨਹੀਂ ਲੱਗ ਰਿਹਾ।

## ਘਾਤਕ ਛੁਰੇਬਾਜ਼ੀ ਦੇ ਮਾਮਲੇ ਵਿੱਚ ਇੱਕ ਹਿਰਾਸਤ ਵਿੱਚ




ਵ੍ਹਿਟਬੀ, 14 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਵ੍ਹਿਟਬੀ ਵਿੱਚ ਵਾਪਰੀ ਘਾਤਕ ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ ਇੱਕ ਮਸ਼ਕੂਕ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ।

ਦੁਪਹਿਰੇ 4:00 ਵਜੇ ਦੇ ਨੇੜੇ ਤੇੜੇ ਵਿਕਟੋਰੀਆ ਤੇ ਬ੍ਰੌਕ ਸਟਰੀਟਸ ਨੇੜੇ ਰੇਗਾਟਾ ਕੋਰਟ ਉੱਤੇ ਸਥਿਤ ਇੱਕ ਘਰ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਗੰਭੀਰ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਤੋਂ ਕੁੱਝ ਸਮੇਂ ਬਾਅਦ ਹੀ ਓਪੀਪੀ ਦੀ ਮਦਦ ਨਾਲ ਇੱਕ ਮਸ਼ਕੂਕ ਨੂੰ ਲੋਕੇਟ ਕਰਨ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ। ਦਰਹਾਮ ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਹੋਰ ਵੇਰਵੇ ਵੀਰਵਾਰ ਸਵੇਰੇ ਜਾਰੀ ਕੀਤੇ ਜਾਣਗੇ।

# ਇੱਕ ਵਾਰੀ ਫਿਰ ਪੈ ਸਕਦੀ ਹੈ ਕੋਵਿਡ-19 ਦੀ ਮਾਰ

ਓਟਵਾ, 14 ਜੁਲਾਈ (ਪੋਸਟ ਬਿਊਰੋ) : ਮਾਹਿਰਾਂ ਵੱਲੋਂ ਦਿੱਤੀ ਗਈ ਚੇਤਾਵਨੀ ਅਨੁਸਾਰ ਜਿਵੇਂ ਕੈਨੇਡਾ ਭਰ ਵਿੱਚ ਸਮਰ ਫੈਸਟੀਵਲ ਚੱਲ ਰਹੇ ਹਨ, ਉਸ ਤੋਂ ਹੀ ਕੋਵਿਡ-19 ਦੀ ਇੱਕ ਹੋਰ ਵੇਵ ਦੇ ਆਉਣ ਦਾ ਖਦਸ਼ਾ ਪੈਦਾ ਹੋ ਗਿਆ ਹੈ।

ਮਾਂਟਰੀਅਲ ਸਥਿਤ ਐਪਿਡੇਮੌਲੋਜਿਸਟ ਤੇ ਕਾਰਡੀਓਲੋਜਿਸਟ ਡਾ. ਕ੍ਰਿਸਟੋਫਰ ਲੈਬੌਸ ਨੇ ਆਖਿਆ ਕਿ ਜੇ ਅਸੀਂ ਥੋੜ੍ਹਾ ਜਿਹਾ ਵੀ ਸਾਵਧਾਨ ਨਹੀਂ ਰਹਿੰਦੇ ਤਾਂ ਹਾਲਾਤ ਦੇ ਇੱਕ ਵਾਰੀ ਫਿਰ ਹੱਥੋਂ ਨਿਕਲਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਜੇ ਅਸੀਂ ਕੁੱਝ ਠੋਸ ਕਦਮ ਚੁੱਕਣ ਵਿੱਚ ਅਸਫਲ ਰਹਿੰਦੇ ਹਾਂ ਤਾਂ ਇਨ੍ਹਾਂ ਨਵੇਂ ਵੇਰੀਐਂਟਸ ਨੂੰ ਫੈਲਣ ਵਿੱਚ ਬਹੁਤੀ ਦੇਰ ਨਹੀਂ ਲੱਗੇਗੀ। ਇੱਥੇ ਦੱਸਣਾ ਬਣਦਾ ਹੈ ਕਿ ਵੱਧ ਸੰਕ੍ਰਮਣ ਵਾਲੇ ਓਮਾਈਕ੍ਰੌਨ ਦੇ ਸਬਵੇਰੀਐਂਟਸ ਬੀਏ.4 ਤੇ ਬੀਏ.5 ਕੈਨੇਡਾ ਵਿੱਚ ਵੱਡੇ ਪੱਧਰ ਉੱਤੇ ਤਬਾਹੀ ਮਚਾ ਸਕਦੇ ਹਨ।




ਲੈਬੌਸ ਦਾ ਕਹਿਣਾ ਹੈ ਕਿ ਜੇ ਵੈਕਸੀਨ ਦੀ ਆਖਰੀ ਡੋਜ਼ ਨੂੰ ਜ਼ਿਆਦਾ ਸਮਾਂ ਟੱਪਿਆ ਹੋਵੇਗਾ ਤਾਂ ਲੋਕ ਵਧੇਰੇ ਕਮਜ਼ੋਰ ਸਥਿਤੀ ਵਿੱਚ ਹੋਣਗੇ ਤੇ ਇਸ ਤਰ੍ਹਾਂ ਦੇ ਸਬਵੇਰੀਐਂਟਸ ਆਪਣਾ ਗਲਬਾ ਜਲਦ ਹੀ ਪਾ ਲੈਣਗੇ। ਉਨ੍ਹਾਂ ਆਖਿਆ ਕਿ ਕੈਨੇਡਾ ਦੇ ਕਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵੱਲੋਂ ਪਬਲਿਕ ਹੈਲਥ ਪਾਬੰਦੀਆਂ, ਜਿਨ੍ਹਾਂ ਵਿੱਚ ਮਾਸਕ ਸਬੰਧੀ ਨਿਯਮ ਵੀ ਸ਼ਾਮਲ ਸਨ, ਹਟਾਅ ਲਏ ਗਏ ਹਨ। ਉਨ੍ਹਾਂ ਆਖਿਆ ਕਿ ਜੇ ਤੁਸੀਂ ਇੰਡੋਰ ਵਿੱਚ ਕਿਤੇ ਹੋਂ ਤੇ ਉੱਥੇ ਥੋੜ੍ਹੇ ਲੋਕ ਹੋਰ ਵੀ ਹਨ ਤੇ ਤੁਸੀਂ ਸਾਰੇ ਇੱਕੋ ਹਵਾ ਵਿੱਚ ਸਾਹ ਲੈ ਰਹੇ ਹੋਂ ਤਾਂ ਇਹ ਸਮਝ ਤੋਂ ਬਾਹਰ ਦੀ ਗੱਲ ਹੈ ਕਿ ਤੁਸੀਂ ਮਾਸਕ ਕਿਉਂ ਨਹੀਂ ਪਾਉਣਾ ਚਾਹੋਂਗੇ? ਉਨ੍ਹਾਂ ਆਖਿਆ ਕਿ ਇਹ ਸਾਰੇ ਕਦਮ ਵਾਇਰਸ ਨੂੰ ਰੋਕਣ ਲਈ ਚੁੱਕੇ ਗਏ ਸਨ ਤੇ ਇਹ ਇਸ ਤਰ੍ਹਾਂ ਦੀ ਬਿਮਾਰੀ ਤੋਂ ਬਚਣ ਦਾ ਸੱਭ ਤੋਂ ਸਸਤਾ ਤੇ ਕਾਰਗਰ ਤਰੀਕਾ ਹੈ।

ਜ਼ਿਕਰਯੋਗ ਹੈ ਕਿ ਓਨਟਾਰੀਓ ਕੋਵਿਡ-19 ਸਾਇੰਸ ਐਡਵਾਈਜ਼ਰੀ ਟੇਬਲ ਦੇ ਅੰਦਾਜ਼ੇ ਮੁਤਾਬਕ ਇਸ ਸਮੇਂ ਵੇਸਟਵਾਟਰ ਵਿੱਚ ਕੋਵਿਡ-19 ਦੀ ਕੰਸਨਟ੍ਰੇਸ਼ਨ ਅਪਰੈਲ ਵਿੱਚ ਓਮਾਈਕ੍ਰੌਨ ਵੇਵ ਦੇ ਸਿਖਰ ਉੱਤੇ ਹੋਣ ਸਮੇਂ ਨਾਲੋਂ ਅੱਧ ਵਿੱਚ ਪਹੁੰਚ ਚੁੱਕੀ ਹੈ ਤੇ ਕੁੱਝ ਹਫਤਿਆਂ ਵਿੱਚ ਹੀ ਇਸ ਦੇ ਅਪਰੈਲ ਵਾਲੇ ਪੱਧਰ ਉੱਤੇ ਪਹੁੰਚਣ ਦਾ ਖਦਸ਼ਾ ਵੀ ਬਣਿਆ ਹੋਇਆ ਹੈ।

## ਦੋ ਗੱਡੀਆਂ ਦੀ ਟੱਕਰ ਵਿੱਚ 3 ਜ਼ਖ਼ਮੀ

ਸਕਾਰਬਰੋ, 14 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸਵੇਰੇ ਸਕਾਰਬਰੋ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਗੰਭੀਰ ਜ਼ਖ਼ਮੀ ਹੋ ਜਾਣ ਤੋਂ ਬਾਅਦ ਇੱਕ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ।

ਇਹ ਹਾਦਸਾ ਸਵੇਰੇ 12:30 ਵਜੇ ਤੋਂ ਠੀਕ ਪਹਿਲਾਂ ਕਿੰਗਸਟਨ ਰੋਡ ਨੇੜੇ ਗਿਲਡਵੁੱਡ ਪਾਰਕਵੇਅ ਤੇ ਗੈਲੋਵੇਅ ਰੋਡ ਉੱਤੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇੱਕ ਗੱਡੀ ਗੈਲੋਵੇਅ ਉੱਤੇ ਦੱਖਣ ਵੱਲ ਜਾ ਰਹੀ ਸੀ ਤੇ ਦੂਜੀ ਗਿਲਫਵੁੱਡ ਪਾਰਕਵੇਅ ਦੇ ਪੱਛਮ ਵੱਲ ਜਾ ਰਹੀ ਸੀ ਜਦੋਂ ਦੋਵਾਂ ਦਰਮਿਆਨ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਸ਼ਾਮਲ ਗੱਡੀ ਨੂੰ ਅੱਗ ਵੀ ਲੱਗ ਗਈ।



ਪੈਰਾਮੈਡਿਕਸ ਨੇ ਦੱਸਿਆ ਕਿ ਤਿੰਨ ਵਿਅਕਤੀ ਨੂੰ ਹਸਪਤਾਲ ਲਿਜ-ਾਇਆ ਗਿਆ। ਇੱਕ ਦੀ ਹਾਲਤ ਗੰਭੀਰ ਪਰ ਸਥਿਰ ਸੀ ਤੇ ਦੋ ਹੋਰਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਇੱਕ ਦੀ ਲੱਤ ਵੀ ਟੁੱਟ ਗਈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਹਾਦਸਾ ਕਿਉਂ ਵਾਪਰਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਇੱਕ ਵਿਅਕਤੀ ਉੱਤੇ ਚਾਕੂ ਨਾਲ ਹਮਲਾ ਕਰਨ ਵਾਲੇ ਜੌੜੇ ਵਿਅਕਤੀਆਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 14 ਜੁਲਾਈ (ਪੋਸਟ ਬਿਊਰੋ) : ਡਾਊਨਟਾਊਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਟੋਰਾਂਟੋ ਪੁਲਿਸ ਵੱਲੋਂ ਜੌੜੇ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਇਹ ਘਟਨਾ ਸ਼ਨਿੱਚਰਵਾਰ ਨੂੰ ਬੇਅ ਐਂਡ ਫਰੰਟ ਸਟਰੀਟਸ ਉੱਤੇ ਵਾਪਰੀ। ਜਾਂਚਕਾਰਾਂ ਨੇ ਦੱਸਿਆ ਕਿ ਉਸ ਰਾਤ 9:25 ਤੋਂ ਪਹਿਲਾਂ ਦੋ ਵਿਅਕਤੀ, ਜੋ ਜੌੜੇ ਸਨ, ਇੱਕ 20 ਸਾਲਾ ਵਿਅਕਤੀ ਕੋਲ ਪਹੁੰਚੇ ਤੇ ਉਸ ਨਾਲ ਲੜਨ ਲੱਗ ਪਏ। ਮਾਮਲਾ ਐਨਾ ਵੱਧ ਗਿਆ ਕਿ ਦੋਵਾਂ ਨੇ ਚਾਕੂ ਮਾਰ ਕੇ ਉਸ ਵਿਅਕਤੀ ਨੂੰ ਜ਼ਖ਼ਮੀ ਕਰ ਦਿੱਤਾ। ਫਿਰ ਦੋਵੇਂ ਵਿਅਕਤੀ ਉੱਥੋਂ ਫਰਾਰ ਹੋ ਗਏ।




ਦੋਵਾਂ ਸਬੰਧੀ ਜਾਰੀ ਕੀਤੇ ਵੇਰਵੇ ਅਨੁਸਾਰ ਉਨ੍ਹਾਂ ਦਾ ਕੱਦ ਪੰਜ ਫੁੱਟ ਦਸ ਇੰਚ, ਚਮੜੀ ਦਾ ਰੰਗ ਹਲਕਾ ਕਾਲਾ, ਦਰਮਿਆਨੀ ਕੱਦਕਾਠੀ ਤੇ ਕਾਲੇ ਘੁੰਗਰਾਲੇ ਵਾਲ ਹਨ। ਦੋਵਾਂ ਮਸ਼ਕੂਕਾਂ ਨੂੰ ਆਖਰੀ ਵਾਰੀ ਚਿੱਟੇ ਰੰਗ ਦੀ ਟੀ-ਸ਼ਰਟ ਤੇ ਗ੍ਰੇਅ ਜੀਨਜ਼ ਪਾਇਆਂ ਵੇਖਿਆ ਗਿਆ।

# ਸਟਾਫ ਦੀ ਘਾਟ ਕਾਰਨ ਬਰੈਂਪਟਨ ਦੇ ਹਸਪਤਾਲ ਨੂੰ ਬੰਦ ਕਰਨਾ ਪਿਆ ਅਰਜੈਂਟ ਕੇਅਰ ਸੈਂਟਰ

ਬਰੈਂਪਟਨ, 14 ਜੁਲਾਈ (ਪੋਸਟ ਬਿਊਰੋ) : ਸਟਾਫ ਦੀ ਘਾਟ ਕਾਰਨ ਬਰੈਂਪਟਨ ਵਿੱਚ ਇੱਕ ਅਰਜੈਂਟ ਕੇਅਰ ਸੈਂਟਰ ਨੂੰ ਐਤਵਾਰ ਸ਼ਾਮ ਨੂੰ ਬੰਦ ਕਰਨਾ ਪਿਆ।

ਵੀਲੀਅਮ ਓਸਲਰ ਹੈਲਥ ਸਿਸਟਮਜ਼ ਨੇ ਦੱਸਿਆ ਕਿ ਐਤਵਾਰ ਸ਼ਾਮੀਂ 5:00 ਵਜੇ ਪੀਲ ਮੈਮੋਰੀਅਲ ਦੇ ਅਰਜੈਂਟ ਕੇਅਰ ਸੈਂਟਰ ਨੂੰ ਬੰਦ ਕਰਨਾ ਪਿਆ। ਇਹ ਵੀ ਆਖਿਆ ਗਿਆ ਕਿ ਬਰੈਂਪਟਨ ਸਿਵਿਕ ਹੌਸਪਿਟਲ ਤੇ ਇਟੋਬੀਕੋ ਜਨਰਲ ਐਮਰਜੰਸੀ ਤੇ ਅਰਜੈਂਟ ਕੇਅਰ ਲਈ ਖੁੱਲ੍ਹੇ ਰਹੇ। ਟਵੀਟ ਵਿੱਚ ਨੈੱਟਵਰਕ ਨੇ ਆਖਿਆ ਕਿ ਕਈ ਹਸਪਤਾਲਾਂ ਵਿੱਚ ਸਾਨੂੰ ਹਿਊਮਨ ਰਿਸੋਰਸ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਅਸੀਂ ਕਮਿਊਨਿਟੀ ਨੂੰ ਮਿਸਾਲੀ ਕੇਅਰ ਦੇਣ ਲਈ ਆਪਣੀਆਂ ਟੀਮਾਂ ਦੀ ਹਰ ਤਰ੍ਹਾਂ ਦੀ ਮਦਦ ਵਾਸਤੇ ਵੱਖ ਵੱਖ ਰਣਨੀਤੀਆਂ ਬਣਾ ਰਹੇ ਹਾਂ।

ਵਿਲੀਅਮ ਓਸਲਰ ਦੇ ਬੁਲਾਰੇ ਨੇ ਦੱਸਿਆ ਕਿ ਸੋਮਵਾਰ ਨੂੰ ਅਰਜੈਂਟ ਕੇਅਰ ਸੈਂਟਰ ਦੇ ਆਮ ਵਾਂਗ ਖੁੱਲ੍ਹਣ ਦੀ ਸੰਭਾਵਨਾ ਹੈ। ਇਸ ਔਖੀ ਘੜੀ ਵਿੱਚ ਅਸੀਂ ਕਮਿਊਨਿਟੀ ਤੋਂ ਆਸ ਕਰਦੇ ਹਾਂ ਕਿ ਉਹ ਸਾਡੀ ਮਜਬੂਰੀ ਸਮਝੇਗੀ। ਪਿਛਲੇ ਹਫਤੇ ਓਨਟਾਰੀਓ ਦੇ ਕਈ ਹਸਪਤਾਲਾਂ ਵਿੱਚ ਐਮਰਜੰਸੀ ਡਿਪਾਰਟਮੈਂਟ ਬੰਦ ਕਰਨ ਦੀਆਂ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਸਨ। ਖਾਸਤੌਰ ਉੱਤੇ ਉਨ੍ਹਾਂ ਹਸਪਤਾਲਾਂ ਵਿੱਚ ਜਿੱਥੇ ਸਟਾਫ ਦੀ ਘਾਟ ਹੈ।




ਪਰਥ, ਕਲਿੰਟਨ, ਲਿਸਟੋਵਲ ਤੇ ਵਿੰਘਮ ਵਿੱਚ ਕਈ ਐਮਰਜੰਸੀ ਰੂਮਜ਼ ਨੂੰ ਕਈ ਵਾਰੀ ਬੰਦ ਕਰਨਾ ਪਿਆ ਹੈ। ਕੈਨੇਡੀਅਨ ਐਸੋਸਿਏਸ਼ਨ ਆਫ ਐਮਰਜੰਸੀ ਫਿਜ਼ੀਸ਼ੀਅਨਜ਼ ਨੇ ਆਖਿਆ ਕਿ ਹੈਲਥ ਕੇਅਰ ਮੁਲਾਜ਼ਮਾਂ ਵੱਲੋਂ ਦਿੱਤੇ ਗਏ ਅਸਤੀਫਿਆਂ ਕਾਰਨ ਵੀ ਹਾਲਾਤ ਹੋਰ ਨਿੱਘਰ ਗਏ ਹਨ। ਇਸ ਸਥਿਤੀ ਵੱਲ ਧਿਆਨ ਦਿੱਤਾ ਜਾਣਾ ਬੇਹੱਦ ਜ਼ਰੂਰੀ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਕਲਾਕਾਰ ਇੱਕ ਉਲਝ ਗਿਆ ਹੋਰ ਡਾਢਾ,
ਹੋਈ ਸਜ਼ਾ ਵਿੱਚ ਮਿਲੀ ਨਹੀਂ ਛੋਟ ਮੀਆਂ।
ਕਬੂਤਰਬਾਜ਼ੀ ਦੀ ਖੇਡ ਵਿੱਚ ਪਿਆ ਐਵੇਂ,
ਘਰ ਵਿੱਚ ਪੈਸੇ ਦੀ ਨਹੀਂ ਸੀ ਤੋਟ ਮੀਆਂ।
ਤਾਂ ਵੀ ਰਿਹਾ ਸੀ ਮਾਇਆ ਦੇ ਮਗਰ ਲੱਗਾ,
ਰੁੱਝਾ ਰਿਹਾ ਕਰਨ ਇਕੱਠੇ ਸੀ ਨੋਟ ਮੀਆਂ।
ਇਹੀ ਬਾਤ ਅਦਾਲਤ ਵਿੱਚ ਸਾਫ ਹੋ ਗਈ,
ਬੈਠ ਗਿਆ ਜੜ੍ਹੀਂ ਹੈ ਨੀਤ ਦਾ ਖੋਟ ਮੀਆਂ।
ਦੇਵੇ ਉਹ ਲੱਖ ਦੁਹਾਈ ਨਹੀਂ ਪਾਪ ਕੀਤਾ,
ਸਹਿਮਤ ਕੋਈ ਨਹੀਂ ਹੋਵਣਾ ਨਾਲ ਮੀਆਂ।
ਹਰ ਕੋਈ ਕਹੂ, ਅਦਾਲਤ ਨੇ ਠੀਕ ਕੀਤਾ,
ਫਸ ਗਿਆ ਆਪ ਹੀ ਹੂੰਝਦਾ ਮਾਲ ਮੀਆਂ।

**ਤੀਸ ਮਾਰ ਖਾਂ**

# ਪੁਲਸ ਅਫਸਰ ਉੱਤੇ ਆਰ ਐੱਸ ਐੱਸ ਦੀ ਤੁਲਨਾ ਅੱਤਵਾਦੀ ਸੰਗਠਨ ਨਾਲ ਕਰਨ ਦਾ ਦੋਸ਼

### * ਹੈੱਡਕੁਆਰਟਰ ਵੱਲੋਂ ਪੁਲਸ ਅਫਸਰ ਨੂੰ ਨੋਟਿਸ ਜਾਰੀ



ਪਟਨਾ, 14 ਜੁਲਾਈ, (ਪੋਸਟ ਬਿਊਰੋ)- ਬਿਹਾਰ ਦੀ ਰਾਜਧਾਨੀ ਪਟਨਾ ਦੇ ਐੱਸ ਐੱਸ ਪੀ ਮਾਨਵਜੀਤ ਸਿੰਘ ਢਿੱਲੋਂ ਨੂੰ ਬਿਹਾਰ ਪੁਲਿਸ ਹੈੱਡਕੁਆਰਟਰ ਵੱਲੋਂ ਇੱਕਨੋਟਿਸ ਜਾਰੀ ਕੀਤਾ ਗਿਆ ਹੈ।ਐਡੀਸ਼ਨਲ ਡਾਇਰੈਕਟਰ ਜਨਰਲ (ਏ ਡੀਜੀ) ਹੈੱਡਕੁਆਰਟਰ ਨੇ ਇੱਕ ਵਿਵਾਦਤ ਬਿਆਨ ਉੱਤੇਐੱਸ ਐੱਸ ਪੀ ਨੂੰ 48 ਘੰਟਿਆਂ ਅੰਦਰ ਜਵਾਬ ਦੇਣ ਨੂੰ ਕਿਹਾ ਹੈ ਕਿ ਉਨ੍ਹਾਂ ਨੇ ਆਰ ਐੱਸ ਐੱਸ ਬਾਰੇ ਇੱਕ ਵਿਵਾਦਤ ਬਿਆਨ ਕਿਉਂ ਦਿੱਤਾ ਹੈ।

ਵਰਨਣ ਯੋਗ ਹੈ ਕਿ ਬੀਤੇ ਵੀਰਵਾਰ ਪ੍ਰੈੱਸ ਕਾਨਫਰੰਸ ਵੇਲੇਐੱਸ ਐੱਸ ਪੀਮਾਨਵਜੀਤ ਸਿੰਘ ਢਿੱਲੋਂ ਨੇ ਪਟਨਾ ਦੇ ਫੁਲਵਾੜੀ ਸ਼ਰੀਫ ਵਿੱਚ ਫੜੇ ਗਏ ਦੇਸ਼ ਵਿਰੋਧੀ ਅੱਤਵਾਦੀਆਂ ਦੀ ਟਰੇਨਿੰਗ ਦੀ ਤੁਲਨਾ ਆਰਐੱਸਐੱਸ ਨਾਲ ਕੀਤੀਤੇ ਕਿਹਾ ਸੀ ਕਿ ਜਿੱਦਾਂ ਆਰਐੱਸਐੱਸ ਦੀਆਂ ਸ਼ਾਖਾਵਾਂ ਵਿੱਚ ਵਲੰਟੀਅਰਾਂ ਨੂੰ ਸਰੀਰਕ ਟਰੇਨਿੰਗਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਵਿਅਕਤਆਂ ਨੂੰ ਸਿਖਲਾਈ ਦਿੱਤੀ ਜਾਂਦੀ ਸੀ।ਉਨ੍ਹਾ ਕਿਹਾ ਕਿ ਜਦੋਂ ਹਾਈ ਪ੍ਰੋਫਾਈਲ ਹਮਲਾ ਹੁੰਦਾ ਹੈ ਤਾਂ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੇ ਕੋਲ ਹਰ ਕਿਸਮ ਦੇ ਇਨਪੁਟ ਹੁੰਦੇ ਹਨ। ਇਸੇ ਲੜੀ ਹੇਠ ਸਾਨੂੰ ਸੂਚਨਾ ਮਿਲੀ ਕਿ ਇਕ ਸਿਖਲਾਈ ਕੈਂਪ ਚਲਾਇਆ ਜਾ ਰਿਹਾ ਹੈ। ਜਦੋਂ ਅਸੀਂ ਛਾਪਾ ਮਾਰਿਆ ਤਾਂ ਸਾਨੂੰ ਅਜਿਹੀਆਂ ਚੀਜ਼ਾਂ ਮਿਲੀਆਂ, ਜਿਨ੍ਹਾਂ ਵਿਚ ਭਾਰਤ ਦੀ ਪ੍ਰਭੂਸੱਤਾ ਤੇ ਅਖੰਡਤਾ ਵਿਰੁੱਧ ਟਿੱਪਣੀਆਂ ਸਨ।ਬੀਤੇ 15 ਦਿਨਾਂ ਤੋਂ ਰਾਜਧਾਨੀ ਦੇ ਫੁਲਵਾੜੀਸ਼ਰੀਫ ਇਲਾਕੇਤੋਂ ਗੈਰ-ਕਾਨੂੰਨੀ ਗਤੀਵਿਧੀਆਂ ਦੀ ਸੂਚਨਾ ਮਿਲ ਰਹੀ ਸੀ। ਅਸੀਂ ਸਥਾਨਕ ਸੂਤਰਾਂ ਰਾਹੀਂ ਪੁਸ਼ਟੀ ਕੀਤੀ ਤੇ ਫਿਰ 11 ਜੁਲਾਈ ਦੀ ਰਾਤ ਇਮਾਰਤ ਦੀ ਜਾਂਚ ਕੀਤੀ ਤਾਂਓਥੇ ਕੁਝ ਸ਼ੱਕੀ ਚੀਜ਼ਾਂ ਮਿਲੀਆਂ। ਢਿੱਲੋਂ ਨੇ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਵਾਂਗ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਪਾਪੂਲਰ ਫਰੰਟ ਆਫ ਇੰਡੀਆ (ਪੀਐੱਫਆਈ) ਨੂੰ ਮਾਰਸ਼ਲ ਆਰਟ ਤੇ ਸਰੀਰਕ ਸਿਖਲਾਈ ਦੇਣ ਦੇ ਨਾਂ ਉੱਤੇ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਪਤਾ ਲੱਗਾ ਹੈ ਕਿ ਇਹ ਜਥੇਬੰਦੀ ਨੌਜਵਾਨਾਂ ਨੂੰ ਲਾਮਬੰਦ ਕਰਦੀ ਤੇ ਸਰੀਰਕ ਸਿੱਖਿਆ ਬਹਾਨੇਉਨ੍ਹਾਂ ਦਾ ਬ੍ਰੇਨਵਾਸ਼ ਕਰਨ ਦਾ ਯਤਨ ਕੀਤਾ ਜਾਂਦਾ ਸੀ।

ਮਾਨਵਜੀਤ ਸਿੰਘ ਢਿੱਲੋਂ ਦੇ ਇਸ ਬਿਆਨ ਨੂੰ ਅੱਤਵਾਦੀਆਂ ਨਾਲ ਆਰ ਐੱਸ ਐੱਸ ਦੀ ਤੁਲਨਾ ਕਰਨਾ ਸਮਝ ਕੇ ਕੁਝ ਲੋਕਾਂ ਨੇ ਇਤਰਾਜ਼ ਕੀਤਾ ਤਾਂ ਉਨ੍ਹਾਂ ਨੂੰ ਬਿਹਾਰ ਪੁਲਸ ਨੇ ਨੋਟਿਸ ਜਾਰੀ ਕਰ ਦਿੱਤਾ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਦੋਸ਼

## ਭਗਵੰਤ ਮਾਨ ਦੇ ਵਿਆਹ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਠੇਸ ਪੁਚਾਈ ਗਈ

ਅੰਮ੍ਰਿਤਸਰ, 14 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਆਹ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਾਲੀ ਗੱਡੀ ਦੀ ਚੈਕਿੰਗ ਕਰਨਵਿਰੁੱਧਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰਾਂ ਨੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅੱਜ ਇੱਕ ਮੰਗ ਪੱਤਰ ਸੌਂਪਿਆ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਕੌਮ ਦੇ ਇਸ਼ਟ ਹਨ ਤੇ ਹਰ ਸਿੱਖ ਪਾਵਨ ਗੁਰਬਾਣੀ ਨੂੰ ਸਿਖਰਲਾ ਸਤਿਕਾਰ ਦਿੰਦਾ ਹੈ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਆਹ ਸਮਾਗਮ ਮੌਕੇ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਗੱਡੀ ਨੂੰ ਤਲਾਸ਼ੀ ਲਈ ਰੋਕਿਆ ਗਿਆ, ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਤਬੇ ਤੇ ਸਤਿਕਾਰ ਦੀ ਤੌਹੀਨ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸੋਸ਼ਲ ਮੀਡੀਆ ਉੱਤੇ ਵਾਇਰਲ ਵੀਡੀਓ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਘਰ ਏਦਾਂ ਹੋਣਾ ਹੋਰ ਵੱਧ ਦੁਖਦਾਈ ਹੈ, ਕਿਉਂਕਿ ਮੁੱਖ ਮੰਤਰੀ ਦੀ ਜ਼ੁੰਮੇਵਾਰੀ ਹਰ ਧਰਮ ਦੀ ਪ੍ਰਫੁੱਲਤਾ ਅਤੇ ਸਤਿਕਾਰ ਲਈ ਵਚਨਬੱਧ ਹੋਣਾ ਹੁੰਦਾ ਹੈ। ਉਸ ਦੀ ਜ਼ੁੰਮੇਵਾਰੀ ਹੈ ਕਿ ਹਰ ਕਿਸੇ ਧਰਮ ਦੀਆਂ ਭਾਵਨਾਵਾਂ ਦੀ ਕਦਰ ਕਰੇ ਅਤੇ ਧਾਰਮਿਕ ਗ੍ਰੰਥਾਂ ਦੇ ਸਤਿਕਾਰ ਅਤੇ ਮਹੱਤਵ ਨੂੰ ਸਮਝੇ।

# ਅਨਾਜ ਐਕਸਪੋਰਟ ਲਈ ਰੂਸ ਤੇ ਯੂਕਰੇਨ ਵਿਚਕਾਰ ਸਮਝੌਤਾ

### * ਗਲੋਬਲ ਮਾਰਕੀਟ ਲਈ ਰਾਹਤ ਦੀ ਆਸ



ਇਸਤਾਂਬੁਲ, 14 ਜੁਲਾਈ, (ਪੋਸਟ ਬਿਊਰੋ)- ਅਨਾਜ ਦੀ ਐਕਸਪੋਰਟ ਕਰਨ ਉੱਤੇਰੂਸ ਅਤੇ ਯੂਕਰੇਨ ਵਿਚਕਾਰ ਹੋਏ ਸਮਝੌਤੇ ਪਿੱਛੋਂਯੂਐੱਨ ਓ ਦੇ ਸੈਕਟਰੀ ਜਨਰਲ ਐਂਟੋਨੀਓ ਗੁਟੇਰੇਸ ਨੇ ਪ੍ਰੈੱਸ ਬ੍ਰੀਫਿੰਗ ਵਿੱਚ ਕਿਹਾ ਕਿ ਇਹ ਸਮਝੌਤਾ ਯੂਕਰੇਨੀ ਫਸਲਾਂ ਦੇ ਸੁਰੱਖਿਅਤ ਐਕਸਪੋਰਟ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਕਦਮ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਮਝੌਤੇ ਰਾਹੀਂ ਦੁਨੀਆ ਨੂੰ ਨਵੀਂ ਉਮੀਦ ਦੀ ਕਿਰਨ ਦਿਖਾਈ ਦਿੱਤੀ ਹੈ।

ਐਂਟੋਨੀਓ ਗੁਟੇਰੇਸ ਨੇ ਪੱਤਰਕਾਰਾਂ ਨੂੰ ਕਿਹਾ, 'ਅੱਜ ਇਸਤਾਂਬੁਲ ਵਿੱਚ ਅਸੀਂ ਕਾਲੇ ਸਾਗਰ ਦੇ ਰਸਤੇਯੂਕਰੇਨੀ ਫਸਲਾਂ ਤੇ ਖੁਰਾਕੀ ਵਸਤਾਂ ਦੀ ਸੁਰੱਖਿਅਤ ਐਕਸਪੋਰਟ ਯਕੀਨੀ ਬਣਾਉਣ ਲਈ ਮਹੱਤਵਪੂਰਨ ਕਦਮ ਅੱਗੇ ਵਧਾਇਆ ਹੈ।' ਇਸ ਸਮਝੌਤੇ ਉੱਤੇ ਅਗਲੇ ਹਫ਼ਤੇ ਦੋਵਾਂ ਸਬੰਧਤ ਧਿਰਾਂ ਦੇ ਨੁਮਾਇੰਦੇ ਮੁੜ ਮਿਲਣ ਮੌਕੇ ਦਸਖਤ ਕੀਤੇ ਜਾਣਗੇ। ਸਮਝੌਤੇ ਮੁਤਾਬਕ ਰੂਸਅਤੇ ਯੂਕਰੇਨ ਸਾਂਝੇ ਤੌਰ ਉੱਤੇ ਭੋਜਨ ਤਾਲਮੇਲ ਕੇਂਦਰ ਬਣਾਉਣਗੇ ਅਤੇ ਉਥੋਂ ਐਕਸਪੋਰਟ ਹੋਵੇਗਾ ਅਤੇ ਤੁਰਕੀ ਕਾਲੇ ਸਾਗਰ ਵਿੱਚ ਮਾਲਵਾਹਕ ਜਹਾਜ਼ਾਂ ਦੀ ਆਵਾਜਾਈ ਉੱਤੇ ਨਜ਼ਰ ਰੱਖੇਗਾ।

ਇਸ ਤੋਂ ਪਹਿਲਾਂ ਯੂਕਰੇਨ ਨੇ ਕਿਹਾ ਸੀ ਕਿ ਅਨਾਜਐਕਸਪੋਰਟ ਉੱਤੇ ਰੋਕ ਖਤਮ ਹੋਣ ਵਾਲੀ ਹੈ। ਜੇ ਯੂਕਰੇਨ ਤੋਂ ਖੁਰਾਕ ਐਕਸਪੋਰਟ ਦੀ ਰੁਕਾਵਟ ਸੁਲਝ ਜਾਵੇ ਤਾਂ 20 ਮਿਲੀਅਨ ਟਨ ਤੋਂ ਵੱਧ ਅਨਾਜ ਸੰਸਾਰ ਬਾਜ਼ਾਰ ਲਈ ਪੇਸ਼ ਕੀਤਾ ਜਾ ਸਕੇਗਾ, ਜਿਸ ਨਾਲ ਬਹੁਤ ਸਾਰੇ ਦੇਸ਼ਾਂ ਵਿੱਚ ਆ ਰਹੇ ਸੰਕਟ ਨੂੰ ਦੂਰ ਕਰਨ ਵਿੱਚ ਮਦਦ ਮਿਲੇਗੀ ਤੇ ਕਣਕ ਤੇ ਮੱਕੀ ਦੀ ਕੀਮਤ ਸੰਸਾਰ ਬਾਜ਼ਾਰ ਵਿੱਚ ਘੱਟ ਹੋਵੇਗੀ।ਵਰਨਣ ਯੋਗ ਹੈ ਕਿ ਯੂਕਰੇਨ ਨੂੰ 'ਯੂਰਪ ਦੀ ਰੋਟੀ ਦੀ ਟੋਕਰੀ' ਕਿਹਾ ਜਾਂਦਾ ਹੈ, ਜਿਹੜਾ ਦੁਨੀਆ ਦੀ 8 ਫੀਸਦੀ ਕਣਕ, 12-17 ਫੀਸਦੀ ਮੱਕੀ ਅਤੇ ਦੁਨੀਆ ਦੇ ਅੱਧੇ ਸੂਰਜਮੁਖੀ ਤੇਲ ਦੀ ਸਪਲਾਈ ਕਰਦਾ ਹੈ। ਪੱਛਮੀ ਦੇਸ਼ਾਂ ਮੁਤਾਬਕ ਰੂਸ ਨਾ ਸਿਰਫ ਯੂਕਰੇਨ ਨੂੰ ਆਪਣਾ ਅਨਾਜ ਐਕਸਪੋਰਟ ਕਰਨੋਂ ਰੋਕ ਰਿਹਾ ਹੈ, ਸਗੋਂ ਇਸ ਦੇ ਸਬੂਤ ਹਨ ਕਿ ਰੂਸਯੂਕਰੇਨ ਤੋਂ ਅਨਾਜ ਚੋਰੀ ਕਰ ਰਿਹਾ ਹੈ।

ਯੂਕਰੇਨ ਦੇ ਓਡੇਸਾ ਸ਼ਹਿਰ ਵਿੱਚ ਕਾਲੇ ਸਾਗਰ ਤੱਟ ਉੱਤੇਇੱਕ ਬੰਦਰਗਾਹ ਉੱਤੇਲੱਖਾਂ ਟਨ ਅਨਾਜ ਗੋਦਾਮਾਂ ਵਿੱਚ ਲੋਡ ਕੀਤਾ ਗਿਆ ਤੇ ਦਰਜਨਾਂ ਕਾਰਗੋ ਜਹਾਜ਼ ਕੋਲ ਖੜੇ ਹਨ, ਪਰ ਕਾਲੇ ਸਾਗਰ ਦੀ ਘੇਰਾਬੰਦੀ ਅਤੇ ਰੂਸੀ ਫੌਜ ਵੱਲੋਂ ਵਿਛਾਈਆਂ ਬਾਰੂਦੀ ਸੁਰੰਗਾਂ ਕਾਰਨ ਕਈ ਮਹੀਨਿਆਂ ਤੋਂ ਆਵਾਜਾਈ ਬੰਦ ਹੈ। ਕਾਲੇ ਸਾਗਰ ਵਿੱਚ ਕਾਰਗੋ ਜਹਾਜ਼ਾਂ ਦੀ ਆਵਾਜਾਈ ਸ਼ੁਰੂ ਕਰਨ ਲਈਯੂਐੱਨ ਓ ਦੀ ਵਿਚੋਲਗੀ ਵਿੱਚ ਬੁੱਧਵਾਰ ਨੂੰ ਤੁਰਕੀ ਦੇ ਸ਼ਹਿਰ ਇਸਤਾਂਬੁਲ ਵਿੱਚਰੂਸ, ਯੂਕਰੇਨ ਅਤੇ ਤੁਰਕੀ ਦੇ ਮੰਤਰੀਆਂ-ਅਧਿਕਾਰੀਆਂ ਦੀ ਮੀਟਿੰਗ ਹੋਈ ਸੀ।

## ਕਬੂਤਰਬਾਜ਼ੀ ਕੇਸ ਵਿਚ ਦਲੇਰ ਮਹਿੰਦੀ ਨੂੰ ਸ਼ੈਸ਼ਨ ਅਦਾਲਤ ਤੋਂ ਸਜ਼ਾ ਵਿੱਚ ਰਾਹਤ ਨਹੀਂ ਮਿਲੀ

### * ਪੁਲਿਸ ਨੇ ਜੇਲ੍ਹ ਭੇਜਿਆ, ਦਲੇਰ ਅੱਗੇ ਅਪੀਲ ਕਰੇਗਾ

ਪਟਿਆਲਾ, 14 ਜੁਲਾਈ, (ਪੋਸਟ ਬਿਊਰੋ)- ਪਟਿਆਲਾ ਦੇ ਐਡੀਸ਼ਨਲ ਸੈਸ਼ਨ ਜੱਜ ਐਚਐੱਸ ਗਰੇਵਾਲ ਦੀ ਅਦਾਲਤ ਨੇ ਪ੍ਰਸਿੱਧ ਪੰਜਾਬੀ ਗਾਇਕ ਦਲੇਰ ਮਹਿੰਦੀ ਦੀ ਸਜਾ ਕਾਇਮ ਰੱਖਣ ਦਾ ਹੁਕਮ ਸੁਣਾਇਆ ਹੈ ਅਤੇ ਅਦਾਲਤ ਦੇ ਹੁਕਮਾਂ ਤੋਂ ਬਾਅਦ ਪੁਲਿਸ ਨੇ ਦਲੇਰ ਮਹਿੰਦੀ ਨੂੰ ਹਿਰਾ-ਸਤ ਵਿੱਚ ਲੈ ਕੇ ਜੇਲ੍ਹ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਦਲੇਰ ਮਹਿੰਦੀ ਨੇ ਟ੍ਰਾਇਲ ਕੋਰਟ ਦੇ 2018 ਵਾਲੇ ਫੈਸਲੇ ਨੂੰ ਸੈਸ਼ਨ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਵਕੀਲ ਗੁਰਪ੍ਰੀਤ ਸਿੰਘ ਭਸੀਨ ਨੇ ਦੱਸਿਆ ਕਿ 2018 ਵਿੱਚ ਕਬੂਤਰਬਾਜ਼ੀ ਕੇਸ ਵਿੱਚਦਲੇਰ ਮਹਿੰਦੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸਬਾਰੇ ਕੀਤੀ ਅਪੀਲ ਅੱਜ ਸ਼ੈਸ਼ਨ ਕੋਰਟ ਰੱਦ ਕਰ ਦਿੱਤੀਅਤੇ ਦਲੇਰ ਮਹਿੰਦੀ ਨੂੰ ਪੁਲਸ ਨੇ ਜੇਲ੍ਹ ਭੇਜ ਦਿੱਤਾ ਹੈ। ਦਲੇਰ ਮਹਿੰਦੀ ਨੂੰ ਹੇਠਲੀ ਅਦਲਾਤ 2 ਸਾਲ ਦੀ ਕੈਦ ਤੇ 2 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। 2003 ਦੇ ਇਸ ਕੇਸ ਵਿੱਚ 15 ਸਾਲਾਂ ਬਾਅਦ 2018 ਵਿੱਚ ਪਟਿਆਲਾ ਦੀ ਜੱਜ ਨਿਧੀ ਸੈਣੀ ਨੇ ਦਲੇਰ ਮਹਿੰਦੀ ਨੂੰ ਸਜ਼ਾ ਸੁਣਾਈ ਸੀ, ਪਰ ਓਦੋਂ ਦਲੇਰ ਮਹਿੰਦੀ ਨੂੰ ਜ਼ਮਾਨਤ ਮਿਲ ਗਈ ਸੀ, ਕਿਉਂਕਿਸਜ਼ਾ 3 ਸਾਲ ਤੋਂ ਘੱਟ ਸੀ। ਇਸ ਕੇਸ ਵਿਚ ਬੁਲ-ਬੁਲ ਮਹਿਤਾ ਨੂੰ ਬਰੀ ਕਰ ਦਿੱਤਾ ਗਿਆ ਤੇ ਸ਼ਮਸ਼ੇਰ ਸਿੰਘ ਤੇ ਧਿਆਨ ਸਿੰਘ ਦੀ ਮੌਤ ਹੋ ਚੁੱਕੀ ਹੈ।ਦਲੇਰ ਮਹਿੰਦੀ ਦੇ ਵਕੀਲ ਐਲਐਮ ਗੁਲਾਟੀ ਨੇ ਕਿਹਾ ਕਿ ਉਹ ਸੈਸ਼ਨਕੋਰਟ ਦੇ ਫੈਸਲੇ ਦੀ ਕਾਪੀ ਮਿਲਣ ਪਿਛੋਂ ਹਾਈ ਕੋਰਟ ਵਿੱਚ ਅਪੀਲ ਕਰਨਗੇ ਅਤੇ ਆਸ ਹੈ ਕਿ ਹਾਈ ਕੋਰਟ ਸਾਨੂੰਇਸ ਵਿੱਚ ਇਨਸਾਫ ਦੇਵੇਗੀ।

ਥਾਣਾ ਸਦਰ ਪਟਿਆਲਾ ਪੁਲਿਸ ਨੇ 19 ਅਕਤੂਬਰ 2003 ਨੂੰ ਪਿੰਡ ਬਲਬੇੜਾ ਦੇ ਵਸਨੀਕ ਬਖਸ਼ੀਸ਼ ਸਿੰਘ ਦੀ ਸ਼ਿਕਾਇਤ ਉੱਤੇ ਦਲੇਰ ਮਹਿੰਦੀ, ਉਸਦੇ ਇੱਕ ਭਰਾ ਸ਼ਮਸ਼ੇਰ ਮਹਿੰਦੀ, ਬੁਲਬੁਲ ਮਹਿਤਾ ਤੇ ਧਿਆਨ ਸਿੰਘ ਦੇ ਖਿਲਾਫ਼ ਧੋਖ਼ਾਧੜੀ ਤੇ ਮਨੁੱਖੀ ਤਸਕਰੀ ਦਾ ਕੇਸ ਦਰਜ ਕੀਤਾ ਸੀ।ਇਸ ਦਾ ਪਹਿਲਾ ਕੇਸ ਅਮਰੀਕਾ ਵਿੱਚ ਦਰਜ ਹੋਇਆ ਸੀ, ਕਿਉਂਕਿ ਬਹੁਤੇ ਵਿਅਕਤੀ ਅਮਰੀਕਾ ਭੇਜੇ ਗਏ ਸਨ। ਇਸ ਕੇਸ ਤੋਂ ਇਲਾਵਾ ਦਲੇਰ ਮਹਿੰਦੀ ਅਤੇ ਉਸਦੇ ਭਰਾ ਉੱਤੇਇਸ ਕਿਸਮ ਦੇ ਲਗਭਗ 31 ਕੇਸ ਦਰਜ ਹੋਏ ਦੱਸੇ ਜਾਂਦੇ ਹਨ।

# ਪ੍ਰਧਾਨ ਮੰਤਰੀ ਮੋਦੀ ਦੇ ਪ੍ਰੋਗਰਾਮ ਵਿੱਚ ਗੜਬੜ ਦੀ ਯੋਜਨਾ ਦਾ ਪਰਦਾ ਫਾਸ਼

### * ਪਟਨਾ ਤੋਂ ਸ਼ੱਕੀ ਅੱਤਵਾਦੀ ਫੜੇ ਗਏ



ਪਟਨਾ, 14 ਜੁਲਾਈ, (ਪੋਸਟ ਬਿਊਰੋ)- ਬਿਹਾਰ ਦੀ ਰਾਜਧਾਨੀ ਪਟਨਾ ਦੇ ਫੁਲਵਾੜੀਸ਼ਰੀਫ ਵਿੱਚ ਦੋ ਸ਼ੱਕੀ ਅੱਤਵਾਦੀ ਗ੍ਰਿਫਤਾਰ ਕੀਤੇ ਜਾਣ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰੋਗਰਾਮ ਵਿੱਚ ਗੜਬੜ ਕਰਨ ਦੀ ਇੱਕ ਵੱਡੀ ਸਾਜ਼ਿਸ਼ ਦਾ ਪਰਦਾ ਫਾਸ਼ ਹੋ ਗਿਆ ਹੈ।ਪੁਲਸ ਮੁਤਾਬਕ ਇਨ੍ਹਾਂ ਲੋਕਾਂ ਦੇ ਇਰਾਦੇ ਬਹੁਤ ਖਤਰਨਾਕ ਸਨ।

ਮਿਲੀ ਸੂਚਨਾ ਅਨੁਸਾਰ ਬਿਹਾਰ ਪੁਲਸ ਵੱਲੋਂ ਫੜੇ ਦੋਵੇਂ ਸ਼ੱਕੀ ਅੱਤਵਾਦੀ ਪਾਬੰਦੀ ਸ਼ੁਦਾ ਪਾਪੂਲਰ ਫਰੰਟ ਆਫ ਇੰਡੀਆ (ਪੀਐਫਆਈ) ਦੇ ਮੈਂਬਰ ਹਨ ਤੇ ਉਨ੍ਹਾਂ ਕੋਲੋਂ ਮਿਲੇ ਦਸਤਾਵੇਜ਼ ਮੁਤਾਬਕ ਪਟਨਾ ਵਿੱਚਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪ੍ਰੋਗਰਾਮਅੱਤਵਾਦੀਆਂ ਦੇ ਨਿਸ਼ਾਨੇ ਉੱਤੇ ਸੀ। ਦੋਵਾਂ ਦੇ ਖਿਲਾਫ ਦਰਜ ਸ਼ਿਕਾਇਤਵਿੱਚ ਲਿਖਿਆ ਹੈ ਕਿ 11 ਜੁਲਾਈ ਨੂੰ ਖੁਫ਼ੀਆ ਏਜੰਸੀ ਨੂੰ ਗੁਪਤ ਸੂਚਨਾ ਮਿਲੀ ਕਿ ਪ੍ਰਧਾਨ ਮੰਤਰੀ ਦੀ ਪਟਨਾ ਫੇਰੀ ਦੌਰਾਨ ਗੜਬੜ ਕਰਨ ਦੇ ਲਈ ਫੁਲਵਾੜੀ ਸ਼ਰੀਫ਼ ਥਾਣੇ ਹੇਠ ਕੁਝ ਸ਼ੱਕੀ ਲੋਕ ਇਕੱਠੇ ਹੋਏ ਹਨ ਅਤੇ ਉਨ੍ਹਾਂ ਨੂੰ ਇੱਕ ਪੰਦਰਵਾੜੇ ਤੋਂ ਟਰੇਨਿੰਗ ਦਿੱਤੀ ਜਾ ਰਹੀ ਹੈ। ਸ਼ੱਕੀ ਲੋਕਾਂ ਦੀ ਫੁਲਵਾੜੀ ਸ਼ਰੀਫ ਵਿੱਚ ਦੰਗੇ ਫੈਲਾਉਣ ਦੀ ਯੋਜਨਾ ਵੀ ਸੀ, ਪਰ ਖੁਫੀਆ ਏਜੰਸੀ ਨੇ ਸਮੇਂ ਉੱਤੇਉਨ੍ਹਾਂ ਦੀ ਸਾਜ਼ਿਸ਼ ਨੂੰ ਡੀਕੋਡ ਕਰ ਲਿਆ। ਇਸ ਸ਼ਿਕਾਇਤ ਵਿੱਚਦਰਜ ਹੈ ਕਿ ਇਹ ਦਹਿਸ਼ਤਗਰਦ ਪਿਛਲੇ ਦਿਨੀਂ ਆਪਣੇ ਧਰਮਬਾਰੇ ਬੋਲੇ ਗਏ ਅਪਸ਼ਬਦ ਦਾ ਬਦਲਾ ਲੈਣ ਦੀ ਮੁਹਿੰਮ ਚਲਾ ਰਹੇ ਸਨ, ਜਿਸ ਦੌਰਾਨਵਿੱਚ ਅਮਰਾਵਤੀ ਅਤੇ ਉਦੈਪੁਰ ਵਿੱਚ ਬਦਲਾ ਲਿਆ ਗਿਆ ਸੀ।

ਫੁਲਵਾੜੀ ਸ਼ਰੀਫ ਦੇ ਐਡੀਸ਼ਨਲ ਪੁਲਸ ਸੁਪਰਡੈਂਟ ਮਨੀਸ਼ ਕੁਮਾਰ ਨੇ ਦੱਸਿਆ ਕਿ ਬੁੱਧਵਾਰ ਰਾਤ ਝਾਰਖੰਡ ਦੇ ਸੇਵਾਮੁਕਤ ਪੁਲਸ ਅਫਸਰਾਂ ਮੁਹੰਮਦ ਜਲਾਲੂਦੀਨ ਅਤੇ ਅਤਹਰ ਪਰਵੇਜ਼ ਨੂੰ ਗ੍ਰਿਫਤਾਰ ਕੀਤਾ ਸੀ। ਜਲਾਲੂਦੀਨ ਪਹਿਲਾਂ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਨਾਲ ਜੁੜਿਆ ਰਿਹਾ ਸੀ।ਮਨੀਸ਼ ਕੁਮਾਰ ਦੇ ਦੱਸਣ ਅਨੁਸਾਰਜਲਾਲੂਦੀਨ ਦੇ ਘਰਸਥਾਨਕ ਲੋਕਾਂ ਨੂੰ ਮਾਰਸ਼ਲ ਆਰਟ ਜਾਂ ਸਰੀਰਕ ਸਿੱਖਿਆ ਦੇ ਨਾਂ ਉੱਤੇ ਹਥਿਆਰਾਂ ਦੀ ਸਿਖਲਾਈ ਦੇਣ ਅਤੇ ਧਾਰਮਿਕ ਜਨੂੰਨ ਫੈਲਾਉਣ ਲਈ ਉਕਸਾਉਣ ਦੀ ਖਬਰ ਮਿਲੀ ਸੀ।

# ਕਰਮਚਾਰੀ ਦਾ ਪੱਖ ਸੁਣੇ ਬਗੈਰ ਦਿੱਤੇ ਹੁਕਮ ਵਾਪਸ, ਫੈਸਲਾ ਦੋਬਾਰਾ ਸੁਣਾਇਆ ਜਾਏਗਾ

ਚੰਡੀਗੜ੍ਹ, 14 ਜੁਲਾਈ (ਪੋਸਟ ਬਿਊਰੋ)- ਐਡੀਸ਼ਨਲ ਚੀਫ ਸੈਕਟਰੀ ਵੱਲੋਂ ਕਰਮਚਾਰੀ ਦਾ ਪੱਖ ਸੁਣੇ ਬਗੈਰ ਉਸ ਦੇ ਖਿਲਾਫ ਹੁਕਮ ਪਾਸ ਕਰਨ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਸਖਤ ਰੁੱਖ ਅਪਣ-ਾਇਆ ਹੈ।

ਹਰਿਆਣਾ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਕੇਸ ਵਿੱਚ ਵਿਭਾਗ ਨੇ ਗਲਤੀ ਕੀਤੀ ਤੇ ਐਡੀਸ਼ਨਲਚੀਫ ਸੈਕਟਰੀ ਨੇ ਹੁਕਮ ਵਾਪਸ ਲੈ ਲਿਆ ਹੈ। ਇਸ ਦੇ ਬਾਅਦਐਡੀਸ਼ਨਲਚੀਫ ਸੈਕਟਰੀ ਪਟੀਸ਼ਨਰ ਨੂੰ ਪੱਖ ਰੱਖਣ ਦਾ ਮੌਕਾ ਦੇਣਗੇ ਤੇ ਨਵੇਂ ਸਿਰੇ ਤੋਂ ਹੁਕਮ ਪਾਸ ਕਰਨਗੇ।ਹਾਈ ਕੋਰਟ ਨੇ ਕਿਹਾ ਕਿ ਅਫਸਰਾਂ ਦੇ ਲਾਪਰਵਾਹ ਰਵੱਈਏ ਨਾਲ ਬੇਵਜ੍ਹਾ ਕੇਸਾਂ ਦਾ ਬੋਝ ਨਾ ਵਧੇ, ਇਸ ਦੇ ਲਈ ਕੀ ਕਦਮ ਚੁੱਕੇ ਗਏ ਹਨ। ਇਸ ਉੱਤੇ ਹਰਿਆਣਾ ਸਰਕਾਰ ਵੱਲੋਂ ਲਿਟੀਗੇਸ਼ਨ ਪਾਲਿਸੀ ਦੀ ਕੋਰਟ ਨੂੰ ਜਾਣਕਾਰੀ ਦਿੱਤੀ ਗਈ। ਕੋਰਟ ਨੇ ਪੰਜਾਬ ਦੇ ਚੀਫ ਸੈਕਟਰੀ ਨੂੰ ਵੀ ਹੁਕਮ ਦਿੱਤਾ ਕਿ ਉਹ ਦੱਸਣ ਕਿ ਸੂਬੇ ਵਿੱਚ ਵਿਚਾਰ ਅਧੀਨ ਕੇਸਾਂ ਨੂੰ ਘੱਟ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਪੰਜਾਬ ਦੀ ਲਿਟੀਗੇਸ਼ਨ ਪਾਲਿਸੀ ਕੀ ਹੈ। ਫਿਰੋਜ਼ਪੁਰ ਝਿਰਕਾ ਦੇ ਹਿੰਮਤ ਖਾਨ ਨੇ ਅਰਜ਼ੀ ਰਾਹੀਂ ਦੱਸਿਆ ਕਿ ਦਸੰਬਰ 2010 ਵਿੱਚ ਬੈਂਕ ਦੇ ਸਾਬਕਾ ਮੈਨੇਜਰਾਂ ਵੱਲੋਂ ਕੀਤੇ ਘੋਟਾਲੇ ਵਿੱਚ ਪਟੀਸ਼ਨਰ ਦੇ ਸ਼ਾਮਲ ਹੋਣ ਦੀ ਗੱਲ ਕਹਿੰਦੇ ਹੋਏ ਉਸ ਦੀ ਸੇਵਾ ਸਮਾਪਤ ਕਰ ਦਿੱਤੀ। ਇਸ ਵਿੱਚ ਜ਼ਿਲਾ ਨੂਹ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਪਟੀਸ਼ਨਰ ਨੂੰ ਬਰੀ ਕਰਦੇ ਹੋਏ ਕਿਹਾ ਸੀ ਕਿ ਉਸ ਨੂੰ ਫਸਾਇਆ ਗਿਆ ਹੈ। ਕੋਰਟ ਦੇ ਫੈਸਲੇ ਦੇ ਬਾਅਦ ਵੀ ਉਸ ਨੂੰ ਬਹਾਲ ਨਹੀਂ ਕੀਤਾ। ਏ ਸੀ ਐਸ ਨੇ ਅਪੀਲ ਉੱਤੇ ਪਟੀਸ਼ਨਕਰਤਾ ਦਾ ਪੱਖ ਸੁਣੇ ਬਗੈਰ ਹੁਕਮ ਜਾਰੀ ਕਰ ਦਿੱਤਾ।


## ਹਾਈ ਕੋਰਟ ਨੇ ਪੀ ਐਮ ਕੇਅਰਜ਼ ਫੰਡ ਬਾਰੇ ਕੇਂਦਰ ਸਰਕਾਰ ਨੂੰ ਠੋਸ ਜਵਾਬ ਦਾਇਰ ਕਰਨ ਨੂੰ ਕਿਹਾ

ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੱਲ੍ਹ ਕੇਂਦਰ ਸਰਕਾਰ ਨੂੰ ਪੀ ਐਮ ਕੇਅਰਜ਼ ਫੰਡ ਬਾਰੇ ਠੋਸ ਜਵਾਬ ਦਾਇਰ ਕਰਨ ਦੀ ਹਿਦਾਇਤ ਕੀਤੀ ਹੈ। ਅਦਾਲਤ ਵੱਲੋਂ ਇਸ ਬਾਰੇ ਦਾਇਰ ਪਟੀਸ਼ਨ ਉੱਤੇ ਸੁਣਵਾਈ ਕੀਤੀ ਜਾ ਰਹੀ ਹੈ ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਸੰਵਿਧਾਨ ਤਹਿਤ ਪਾਰਦਰਸ਼ਤਾ ਬਣਾਈ ਰੱਖਣ ਲਈ ਪੀ ਐਮ ਕੇਅਰਜ਼ ਨੂੰ 'ਸਰਕਾਰੀ ਫੰਡ' ਐਲਾਨਿਆ ਜਾਵੇ। ਇਸ ਬਾਰੇ ਕੇਂਦਰ ਨੇ ਇੱਕ ਸਫੇ ਦਾ ਜਵਾਬ ਦਾਇਰ ਕੀਤਾ ਸੀ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਹੈ। ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਪੀ ਐਮ ਕੇਅਰਜ਼ ਫੰਡ ਕੋਈ ਸਾਧਾਰਨ ਮਸਲਾ ਨਹੀਂ ਅਤੇ ਕੇਂਦਰ ਇਸ ਦਾ ਵਿਸਥਾਰ ਸਹਿਤ ਤੇ ਠੋਸ ਜਵਾਬ ਅਦਾਲਤ ਵਿੱਚ ਦਾਇਰ ਕਰੇ।

ਚੀਫ ਜਸਟਿਸ ਸਤੀਸ਼ ਚੰਦਰ ਅਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੇ ਬੈਂਚ ਨੇ ਕਿਹਾ, ''ਤੁਸੀਂ ਜਵਾਬ ਦਾਇਰ ਕੀਤਾ ਹੈ। ਅਜਿਹੇ ਅਹਿਮ ਕੇਸ ਉੱਤੇ ਸਿਰਫ ਇੱਕ ਸਫੇ ਦਾ ਜਵਾਬ? ਇਸ ਤੋਂ ਵੱਧ ਕੁਝ ਨਹੀਂ? ਇਸ ਵਿੱਚ ਇਹ ਵੀ ਜ਼ਿਕਰ ਨਹੀਂ ਕਿ ਸੀਨੀਅਰ ਵਕੀਲ ਮੁੱਦੇ ਉੱਤੇ ਕੀ ਬਹਿਸ ਕਰ ਰਹੇ ਹਨ। ਇਹ ਇੰਨਾ ਸਾਧਾਰਨ ਮਸਲਾ ਨਹੀਂ। ਅਸੀਂ ਇਸ ਦਾ ਵਿਸਥਾਰ ਵਿੱਚ ਜਵਾਬ ਚਾਹੁੰਦੇ ਹਾਂ।" ਬੈਂਚ ਨੇ ਕੇਂਦਰ ਨੂੰ ਕਿਹਾ ਕਿ ਇਸ ਮਾਮਲੇ ਵਿੱਚ ਚਾਰ ਹਫਤਿਆਂ ਅੰਦਰ ਠੋਸ ਜਵਾਬ ਦਾਇਰ ਕੀਤਾ ਜਾਵੇ। ਮਾਮਲੇ ਦੀ ਅਗਲੀ ਸੁਣਵਾਈ 16 ਸਤੰਬਰ ਨੂੰ ਹੋਵੇਗੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





NEED A LAWYER ??
Red Seal NOTARY
KAUR LAW OFFICE
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1





# ਸੰਪਾਦਕੀ

## ਰਿਪੁਦਮਨ ਸਿੰਘ ਮਲਿਕ ਦੇ ਕਤਲ ਤੋਂ ਬਾਅਦ ਉੱਠਦੇ ਸੁਆਲ

1985 ਵਿੱਚ ਏਅਰ ਇੰਡੀਆ ਦੀ ਕਨਿਸ਼ਕਾ ਫਲਾਈਟ-182 ਦੇ ਬੰਬ ਕਾਂਡ ਕਾਰਣ 30 ਸਾਲ ਜੇਲ੍ਹ ਵਿੱਚ ਬਿਤਾਉਣ ਵਾਲੇ 75 ਸਾਲਾ ਰਿਪੁਦਮਨ ਸਿੰਘ ਮਲਿਕ ਦਾ ਕੱਲ ਸਰੀ, ਵੈਨਕੂਵਰ ਵਿੱਚ ਕਤਲ ਕਰ ਦਿੱਤਾ ਜਾਣਾ ਕੈਨੇਡੀਅਨ ਸਿੱਖ ਭਾਈਚਾਰੇ ਲਈ ਹੀ ਨਹੀਂ ਸਗੋਂ ਸਮੁੱਚੇ ਸਿੱਖ ਜਗਤ ਵਿੱਚ ਵੱਡੀ ਅਤੇ ਹੈਰਾਨ ਕਰਨ ਵਾਲੀ ਖ਼ਬਰ ਹੈ। ਆਇਰਲੈਂਡ ਦੇ ਸਮੁੰਦਰੀ ਪਾਣੀਆਂ ਉੱਤੇ ਉੱਡ ਰਹੇ ਏਅਰ ਇੰਡੀਆ ਦੀ ਕਨਿਸ਼ਕਾ ਫਲਾਈਟ ਬੰਬ ਫੱਟਣ ਨਾਲ 329 ਯਾਤਰੂ ਮਾਰੇ ਗਏ ਸਨ ਜਿਹਨਾਂ ਵਿੱਚੋਂ ਬਹੁਤੇ ਭਾਰਤੀ ਮੂਲ ਦੇ ਕੈਨੇਡੀਅਨ ਸਨ। ਰਿਪੁਦਮਨ ਮਲਿਕ ਦੇ ਜੀਵਨ ਦਾ ਇਸ ਹਾਦਸੇ ਨਾਲ ਅਨਿੱਖੜਵਾਂ ਸਬੰਧ ਰਿਹਾ ਹੈ। ਉਹ ਜਿੰਨਾ ਆਪਣੇ ਜੀਵਨ ਕਾਲ ਦੌਰਾਨ ਚਰਚਾ ਦਾ ਵਿਸ਼ਾ ਰਿਹਾ, ਉੱਨਾ ਹੀ ਅਚਾਨਕ ਹੋਏ ਗੈਂਗਵਾਰ ਸਟਾਈਲ ਕਤਲ ਰਾਹੀਂ ਕੈਨੇਡਾ ਅਤੇ ਕੈਨੇਡਾ ਤੋਂ ਬਾਹਰ ਚਰਚਾ ਵਿੱਚ ਆਵੇਗਾ। ਮਲਿਕ ਦਾ ਕਤਲ ਕਈ ਸੁਆਲ ਖੜੇ ਕਰਦਾ ਹੈ ਜਿਹਨਾਂ ਦੇ ਜਵਾਬ ਸਮੇਂ ਦੀ ਕੁੱਖ ਵਿੱਚੋਂ ਕਦੋਂ ਉਜਾਗਰ ਹੋਣਗੇ, ਇਸ ਬਾਰੇ ਹਾਲੇ ਕੁੱਝ ਨਹੀਂ ਕਿਹਾ ਜਾ ਸਕਦਾ।

1972 ਵਿੱਚ ਇੱਕ ਸਾਧਾਰਨ ਇੰਮੀਗਰਾਂਟ ਵਾਂਗੂੰ ਕੈਨੇਡਾ ਆਉਣ ਵਾਲੇ ਰਿਪੁਦਮਨ ਮਲਿਕ ਨੇ ਸ਼ੁਰੂਆਤ ਵਿੱਚ ਟੈਕਸੀ ਚਲਾਈ, ਸਮਾਂ ਪਾ ਕੇ ਸਫ਼ਲ ਬਿਜਨਸਮੈਨ ਵਜੋਂ 16,000 ਤੋਂ ਵੱਧ ਮੈਂਬਰਾਂ ਵਾਲੀ ਖਾਲਸਾ ਕਰੈਡਿਟ ਯੂਨੀਅਨ ਦੀ ਸਥਾਪਨਾ ਤੋਂ ਇਸਦੇ ਪ੍ਰੈਜ਼ੀਡੈਂਟ ਤੱਕ ਦਾ ਸਫ਼ਰ ਕੀਤਾ, ਅਨੇਕਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ ਅਤੇ ਕਈ ਉਹ ਕੰਮ ਕੀਤੇ ਜਿਹੜੇ ਕਿਸੇ ਸਾਧਾਰਨ ਵਿਅਕਤੀ ਸੁਫਨਾ ਵੇਖਣ ਵਰਗੇ ਹੋ ਸਕਦੇ ਹਨ। ਏਅਰ ਇੰਡੀਆ ਬੰਬ ਕਾਂਡ ਵਿੱਚ ਉਹਨਾਂ ਦੀ ਸ਼ਮੂਲੀਅਤ ਰਹੀ ਜਾਂ ਨਹੀਂ ਪਰ ਅਦਾਲਤ ਵਿੱਚ ਦੋਸ਼ ਆਇਦ ਹੋਣੇ ਅਤੇ 30 ਸਾਲ ਜੇਲ੍ਹ ਵਿੱਚ ਬਿਤਾਉਣੇ ਵੀ ਮਲਿਕ ਦੇ ਜੀਵਨ ਦੀ ਅਸਾਧਾਰਨ ਗੱਲ ਰਹੀ ਹੈ। 110 ਮਿਲੀਅਨ ਡਾਲਰ ਦੇ ਅਸਾਸਿਆਂ ਵਾਲੀ ਯੂਨੀਅਨ ਨੂੰ ਖੜਾ ਕਰਨ ਤੋਂ ਇਲਾਵਾ ਉਸਨੇ ਸਤਨਾਮ ਐਜੂਕੇਸ਼ਨ ਸੁਸਾਇਟੀ ਰਾਹੀਂ ਕਈ ਸਿੱਖ ਸਕੂਲਾਂ ਦੀ ਸਥਾਪਨਾ ਵਿੱਚ ਮੋਢੀ ਰੋਲ ਅਦਾ ਕੀਤਾ ਅਤੇ ਹਜ਼ਾਰਾਂ ਬੱਚਿਆਂ ਅਤੇ ਬਾਲਗਾਂ ਦੇ ਮਨਾਂ ਨੂੰ ਪ੍ਰਭਾਵਿਤ ਕਰਨ ਵਾਲੀ ਸਖ਼ਸ਼ਿਅਤ ਸਾਬਤ ਹੋਇਆ ਹੈ।

ਆਪਣੇ ਜੀਵਨ ਦਾ ਵੱਡਾ ਹਿੱਸਾ ਭਾਰਤ ਖਿਲਾਫ਼ ਆਵਾਜ਼ ਚੁੱਕਣ ਵਾਲੇ ਮਲਿਕ ਨੇ ਸਮਾਂ ਪਾ ਕੇ ਭਾਰਤ ਸਰਕਾਰ ਕੋਲੋਂ ਵੀਜ਼ਾ ਪ੍ਰਾਪਤ ਕੀਤਾ ਅਤੇ ਦਸੰਬਰ 2019 ਵਿੱਚ ਭਾਰਤ ਦੀ ਯਾਤਰਾ ਵੀ ਕੀਤੀ। ਇਹ ਯਾਤਰਾ ਸੰਭਵ ਵੀ ਇਸ ਕਰਕੇ ਹੋਈ ਸੀ ਕਿਉਂਕਿ ਭਾਰਤ ਸਰਕਾਰ ਨੇ ਆਪਣੀ ਸਿੱਖ ਬਲੈਕਲਿਸਟ ਨੂੰ ਖਤਮ ਕਰ ਦਿੱਤਾ ਸੀ। ਇਸੇ ਯਾਤਰਾ ਦੌਰਾਨ ਮਲਿਕ ਦਾ ਉਹ ਮਸ਼ਹੂਰ ਬਿਆਨ ਆਇਆ ਸੀ ਕਿ ਹੁਣ ਭਾਰਤ ਵਿੱਚ ਸਿੱਖ ਵੱਖਵਾਦ ਬਾਰੇ ਕੋਈ ਚਰਚਾ ਨਹੀਂ ਹੈ। ਜਨਵਰੀ 2022 ਵਿੱਚ ਮਲਿਕ ਨੇ ਇੱਕ ਪੱਤਰ ਲਿਖ ਕੇ ਇੱਕ ਵਾਰ ਦੁਬਾਰਾ ਭਾਰਤ ਸਰਕਾਰ ਦੇ ਗੁਣਗਾਨ ਕੀਤੇ ਸਨ। ਸਮਾਂ ਹੀ ਦੱਸੇਗਾ ਕਿ ਕੀ ਇਸ ਕਤਲ ਦਾ ਇਹਨਾਂ ਬਿਆਨਾਂ ਨਾਲ ਸਿੱਧਾ ਜਾਂ ਅਸਿੱਧਾ ਸਬੰਧ ਹੈ ਜਾਂ ਨਹੀਂ?

ਕਿਸੇ ਵਿਅਕਤੀ ਦੀ ਵਿਰਾਸਤ ਕਿਹੋ ਜਿਹੀ ਰਹੀ, ਇਸਦਾ ਵਧੇਰੇ ਕਰਕੇ ਉਸਦੀ ਮੌਤ ਤੋਂ ਬਾਅਦ ਮੁਲਾਂਕਣ ਹੋਇਆ ਕਰਦਾ ਹੈ। ਇਸ ਪਰੀਪੇਖ ਤੋਂ ਅਗਲੇ ਦਿਨ ਦਿਲਚਸਪ ਹੋਣਗੇ ਕਿ ਕਿਹੜੇ ਸਿੱਖ ਖੇਮੇ ਮਲਿਕ ਨੂੰ ਇੱਕ ਯਾਦਗਾਰੀ ਸ਼ਖਸ਼ਿਅਤ ਵਜੋਂ ਚੇਤੇ ਰੱਖਣਗੇ ਜਾਂ ਕੌਣ ਹਨ ਜੋ ਉਸਨੂੰ ਆਪਣੇ ਨਿਸ਼ਾਨੇ ਤੋਂ ਭਟਕ ਗਿਆ ਕਰਾਰ ਦੇਣਗੇ। ਏਅਰ ਇੰਡੀਆ ਬੰਬ ਕਾਂਡ ਦੇ ਪੀੜਤਾਂ ਦੇ ਪਰਿਵਾਰਾਂ ਦਾ ਦੁੱਖ ਆਪਣੀ ਥਾਂ ਹੈ। ਕੀ ਇਹਨਾਂ ਲੋਕਾਂ ਦਾ ਦੁੱਖ ਸੀ ਜਾਂ 30 ਸਾਲ ਦੀ ਜੇਲ੍ਹ ਦਾ ਕੌੜਾ ਅਨੁਭਵ ਸੀ ਜਾਂ ਫੇਰ ਕੋਈ ਅੰਦਰੂਨੀ ਤਬਦੀਲੀ ਸੀ ਜਿਸਨੇ ਮਲਿਕ ਦੀ ਸੋਚ ਨੂੰ ਨਰਮ ਕਰ ਦਿੱਤਾ ਸੀ? ਜਾਂ ਉਸਦੇ ਬਦਲ ਜਾਣ ਦੀ ਕੋਈ ਹੋਰ ਵਜਹ ਸੀ। 77 ਸਾਲ ਦੀ ਉਮਰ ਕਿਸੇ ਵੀ ਵਿਅਕਤੀ ਨੂੰ ਪਿੱਛੇ ਮੁੜ ਕੇ ਆਪਣੇ ਜੀਵਨ ਉੱਤੇ ਵੇਖਣ ਲਈ ਇੱਕ ਵੱਡਾ ਮੁਕਾਮ ਹੋ ਸਕਦਾ ਹੈ।

ਸਿੱਖ ਖਾੜਕੂਵਾਦ ਅਤੇ ਇਸ ਵਿੱਚ ਸ਼ਾਮਲ ਵੱਖ ਵੱਖ ਧਿਰਾਂ ਦੇ ਰੋਲ ਨੂੰ ਲੈ ਕੇ ਸਮੇਂ ਸਮੇਂ ਉੱਤੇ ਕੈਨੇਡਾ ਵਿੱਚ ਚਰਚਾ ਛਿੜਦੀ ਰਹਿੰਦੀ ਹੈ। ਸੁਆਲ ਹੈ ਕਿ ਰਿਪੁਦਮਨ ਸਿੰਘ ਮਲਿਕ ਦੇ ਕਤਲ ਤੋਂ ਬਾਅਦ ਜੋ ਚਰਚਾ ਹੋਵੇਗੀ, ਉਸਦਾ ਚਿਹਰਾ ਮੁਹਰਾ ਕਿਹੋ ਜਿਹਾ ਹੋਵੇਗਾ? ਚਰਚਾ ਦੇ ਇਸ ਚਿਹਰੇ ਮੁਹਰੇ ਦਾ ਪਤਾ ਤਾਂ Sean Patrick Dolan ਨੂੰ ਵੀ ਨਹੀਂ ਹੈ ਜਿਸਨੇ ਫਰਵਰੀ 2022 ਵਿੱਚ ਏਅਰ ਇੰਡੀਆ ਬੰਬ ਕਾਂਡ ਬਾਰੇ ਆਪਣੀ ਪੁਸਤਕ 'My father's secrets' ਰੀਲੀਜ਼ ਕੀਤੀ ਸੀ। 30 ਸਾਲ ਇੱਕ ਅਧਿਆਪਕ ਵਜੋਂ ਕੰਮ ਕਰਨ ਵਾਲੇ ਸ਼ਾਨ ਪੈਟਰਿਕ ਮੁਤਾਬਕ ਉਸਨੂੰ ਇਹ ਗੱਲ ਪਿਛਲੇ 37 ਸਾਲ ਤੋਂ ਰਹਿ ਰਹਿ ਕੇ ਪਰੇਸ਼ਾਨ ਕਰਦੀ ਰਹੀ ਹੈ ਕਿ ਏਅਰ ਇੰਡੀਆ ਹਾਦਸੇ ਨੂੰ ਕੈਨੇਡੀਅਨ ਪਬਲਿਕ ਨੇ ਇੱਕ ਕੈਨੇਡੀਅਨ ਹਾਦਸੇ ਵਜੋਂ ਕਿਉਂ ਨਹੀਂ ਲਿਆ? ਕੀ ਮਲਿਕ ਦਾ ਕਤਲ ਇਸ ਦਿਸ਼ਾ ਵਿੱਚ ਕਿਸੇ ਚਰਚਾ ਨੂੰ ਜਨਮ ਦੇਵੇਗਾ?

## ਇੰਸਪੈਕਟਰ ਕਰਨੈਲ ਸਿੰਘ ਪੰਨੂ ਵਲੋਂ ਹੋਮ ਲਾਈਫ ਸਿਲਵਰ ਸਿਟੀ ਦੀ ਕ੍ਰਿਕਟ ਟੀਮ ਦੀ ਸ਼ਲਾਘਾ

ਬਰੈਂਪਟਨ, 14 ਜੁਲਾਈ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਅਧਿਕਾਰੀ ਇੰਸਪੈਕਟਰ ਕਰਨੈਲ ਸਿੰਘ ਪੰਨੂ ਇਨ੍ਹੀਂ ਦਿਨੀਂ ਕੈਨੇਡਾ ਦੇ ਦੌਰੇ ਉਤੇ ਹਨ। ਉਹ ਹੋਮ ਲਾਈਫ ਸਿਲਵਰ ਸਿਟੀ ਦੇ ਕਰਤਾ-ਧਰਤਾ ਗਰਚਾ ਬ੍ਰਦਰਜ਼ ਕੋਲ ਠਹਿਰੇ ਹੋਏ ਹਨ। ਆਪਣੇ ਇਸ ਨਿੱਜੀ ਦੌਰੇ ਦੌਰਾਨ ਜਿੱਥੇ ਉਹ ਕੈਨੇਡਾ ਦੀਆਂ ਖੁੱਲ੍ਹੀਆਂ ਵਾਦੀਆਂ ਦਾ ਆਨੰਦ ਮਾਣ ਰਹੇ ਹਨ ਅਤੇ ਨਾਲ ਦੀ ਨਾਲ ਇੱਥੋਂ ਦੇ ਸਿਸਟਮ ਸਿਸਟਮ ਨੂੰ ਵੀ ਗਹਿਰੀ ਅੱਖ ਨਾਲ ਦੇਖ ਰਹੇ ਹਨ, ਤਾਂ ਜੋ ਅਜਿਹਾ ਸਿਸਟਮ ਪੰਜਾਬ ਦੀ ਧਰਤੀ ਉੱਤੇ ਵੀ ਲਾਗੂ ਕੀਤਾ ਜਾ ਸਕੇ।

ਅਜੀਤ ਸਿੰਘ ਗਰਚਾ ਨੇ ਦੱਸਿਆ ਕਿ ਹੋਮ ਲਾਈਫ ਸਿਲਵਰ ਸਿਟੀ ਦੀ ਕ੍ਰਿਕਟ ਦੀ ਟੀਮ ਨੂੰ ਜਦੋਂ ਉਨ੍ਹਾਂ ਮੈਦਾਨ ਵਿੱਚ ਚੌਕੇ-ਸ਼ੱਕੇ ਮਾਰਦੇ ਦੇਖਿਆ ਤਾਂ ਉਨ੍ਹਾਂ ਟੀਮ ਦੀ



ਸ਼ਲਾਘਾ ਕੀਤੀ ਅਤੇ ਜੇਤੂ ਖਿਡਾਰੀਆਂ ਨੂੰ ਇਨਾਮ ਵੀ ਦਿੱਤੇ। ਇੰਸਪੈਕਟਰ ਕਰਨੈਲ ਸਿੰਘ ਪੰਨੂ ਵਲੋਂ ਕਿਹਾ ਗਿਆ ਕਿ ਰੀਅਲ ਅਸਟੇਟ ਨਾਲ ਜੁੜੇ ਲੋਕਾਂ ਵਲੋਂ ਇਸ ਤਰ੍ਹਾਂ ਕ੍ਰਿਕਟ ਦੀਆਂ ਟੀਮਾਂ ਬਣਾ ਕੇ ਖੇਡਣ ਨਾਲ ਜਿੱਥੇ ਭਾਈਚਾਰਕ ਸਾਂਝ ਨੂੰ ਵਧਦੀ ਹੈ, ਉਥੇ ਹੀ ਅਜਿਹੇ ਉਪਰਾਲੇ ਸਿਹਤ ਨੂੰ ਵੀ ਤੰਦਰੁਸਤ ਰੱਖਣ ਵਿਚ ਸਹਾਈ ਹੁੰਦੇ ਹਨ। ਉਨ੍ਹਾਂ ਵਲੋਂ ਹੋਮ ਲਾਈਫ ਸਿਲਵਰ ਸਿਟੀ, ਜੋ ਕਿ ਇਸ ਸਮੇਂ ਸਾਢੇ ਅੱਠ ਸੌ ਮੈਂਬਰਾਂ ਦਾ ਇਕ ਵੱਡਾ ਪਰਿਵਾਰ ਹੈ, ਉਨ੍ਹਾਂ ਦੀ ਟੀਮ ਦੀ ਅਤੇ ਹੋਮ ਲਾਈਫ ਸਿਲਵਰ ਸਿਟੀ ਵਲੋਂ ਰੀਅਲ ਅਸਟੇਟ ਦੇ ਖੇਤਰ ਵਿਚ ਮਾਰੀਆਂ ਮੱਲਾਂ ਦੀ ਸ਼ਲਾਘਾ ਕੀਤੀ ਗਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਜਾਅਲੀ ਡਿਗਰੀਆਂ ਅਤੇ ਸਰਟੀਫ਼ਿਕੇਟ ਬਣਾਉਣ ਵਾਲੇ ਪਤੀ-ਪਤਨੀ ਕਾਬੂ

ਜਲੰਧਰ, 14 ਜੁਲਾਈ (ਪੋਸਟ ਬਿਊਰੋ)- ਬਿਨਾਂ ਪੜ੍ਹਾਈ ਕੀਤੇ ਡਿਗਰੀਤੇ ਸਰਟੀਫਿਕੇਟ ਲੈਣ ਦੇ ਚਾਹਵਾਨਾਂ ਤੋਂ ਮੋਟੀਆਂ ਰਕਮਾਂ ਲੈ ਕੇ ਉਨ੍ਹਾਂ ਲਈ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸਿੱਖਿਆ ਬੋਰਡਾਂ ਦੀਆਂ ਡਿਗਰੀਆਂ ਅਤੇ ਸਰਟੀਫਿਕੇਟ ਤਿਆਰ ਕਰਕੇ ਦੇਣ ਵਾਲੇ ਪਤੀ-ਪਤਨੀ ਨੂੰ ਥਾਣਾ ਡਵੀਜ਼ਨ ਨੰਬਰ ਸੱਤ ਦੀ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਪੁਸ਼ਕਰ ਗੋਇਲ ਪੁੱਤਰ ਬਰਿੰਦਰ ਕੁਮਾਰ ਗੋਇਲ ਵਾਸੀ ਫੱਤੂਢੀਂਗਾ, ਕਪੂਰਥਲਾ ਹਾਲ ਵਾਸੀ ਗੋਲਡਨ ਐਵੀਨਿਊ ਫੇਸ-2, ਜਲੰਧਰ ਅਤੇ ਉਸ ਦੀ ਪਤਨੀ ਰਜਨੀ ਗੋਇਲ ਵਜੋਂ ਹੋਈ ਹੈ। ਡੀ ਸੀ ਪੀ (ਜਾਂਚ) ਜਸਕਿਰਨਜੀਤ ਸਿੰਘ ਤੇਜਾ ਨੇ ਦੱਸਿਆ ਕਿ ਏ ਡੀ ਸੀ ਪੀ (ਸਿਟੀ-2) ਐਚ ਐਸ ਰੰਧਾਵਾ ਅਤੇ ਏ ਸੀ ਪੀ ਮਾਡਲ ਟਾਊਨ ਸਿਮਰਨਜੀਤ ਸਿੰਘ ਲੰਗ ਦੀ ਨਿਗਰਾਨੀ ਹੇਠ ਥਾਣਾ ਮੁੱਖੀ ਰਾਜੇਸ਼ ਕੁਮਾਰ ਅਤੇ ਐਸ ਆਈ ਨਿਰਮਲ ਸਿੰਘ ਦੀ ਪਾਰਟੀ ਨੇ ਸੂਚਨਾ ਉੱਤੇ ਕਾਰਵਾਈ ਕਰਦੇ ਹੋਏ ਪੁਸ਼ਕਰ ਗੋਇਲ ਤੇ ਉਸਦੀ ਪਤਨੀ ਰਜਨੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਕਪੂਰਥਲਾ ਤੋਂ ਆਣ ਕੇ ਜਲੰਧਰ ਵਿੱਚ ਕਿਰ-ਏ ਦੇ ਮਕਾਨ ਵਿੱਚ ਜਾਅਲੀ ਸਰਟੀਫਿਕੇਟ ਬਣਾਉਣ ਦਾ ਕਾਰੋਬਾਰ ਕਰਦੇ ਸਨ।

## ਕੈਨੇਡੀਅਨ ਫੂਡ ਸਪਲਾਇਰਜ਼ ਨੇ ਗਰੌਸਰੀ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਹੋਣ ਦੇ ਦਿੱਤੇ ਸੰਕੇਤ

ਓਟਵਾ, 14 ਜੁਲਾਈ (ਪੋਸਟ ਬਿਊਰੋ) : ਕੈਨੇਡੀਅਨ ਫੂਡ ਸਪਲਾਇਰਜ਼ ਵੱਲੋਂ ਇੱਕ ਵਾਰੀ ਫਿਰ ਗਰੌਸਰੀ ਰੀਟੇਲਰਜ਼ ਨੂੰ ਨੋਟਿਸ ਜਾਰੀ ਕਰਕੇ ਕੀਮਤਾਂ ਵਿੱਚ ਵਾਧਾ ਹੋਣ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਇਨ੍ਹਾਂ ਸਟੋਰਜ਼ ਨੂੰ ਲਿਖੇ ਗਏ ਪੱਤਰਾਂ ਵਿੱਚ ਆਖਿਆ ਗਿਆ ਹੈ ਕਿ ਇਸ ਸਾਲ ਦੇ ਅੰਤ ਤੱਕ ਗਰੌਸਰੀ ਸਟੋਰਜ਼ ਉੱਤੇ ਕਈ ਆਈਟਮਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਵੇਗਾ। ਪਹਿਲਾਂ ਹੀ ਫੂਡ ਦੀ ਕੀਮਤ ਕਾਫੀ ਜ਼ਿਆਦਾ ਵੱਧ ਚੁੱਕੀ ਹੈ।ਕੁੱਝ ਮਾਮਲਿਆਂ ਵਿੱਚ ਕੈਨੇਡੀਅਨ ਡੇਅਰੀ ਕਮਿਸ਼ਨ ਵੱਲੋਂ ਇਸ ਸਾਲ ਦੂਜੀ ਵਾਰੀ ਵਧਾਈਆ ਗਈਆਂ ਦੁੱਧ ਦੀਆਂ ਕੀਮਤਾਂ ਸ਼ਾਮਲ ਹਨ, ਇਸ ਨਾਲ ਫਾਰਮ ਤੋਂ ਆਉਣ ਵਾਲੀਆਂ ਦੁੱਧ ਨਾਲ ਬਣੀਆਂ ਚੀਜ਼ਾਂ ਦੀਆਂ ਕੀਮਤਾਂ ਦੋ ਸੈਂਟ ਪ੍ਰਤੀ ਲੀਟਰ ਜਾਂ ਪਹਿਲੀ ਸਤੰਬਰ ਤੋਂ 2.5 ਸੈਂਟ



ਤੱਕ ਵੱਧ ਸਕਦੀਆਂ ਹਨ।

ਹਾਲਾਂਕਿ ਡੇਅਰੀ ਪ੍ਰੋਸੈਸਿੰਗ ਕੰਪਨੀਆਂ ਨੂੰ ਆਪਣੀਆਂ ਕੀਮਤਾਂ ਵਿੱਚ ਹੋਏ ਵਾਧੇ ਨਾਲ ਵੀ ਨਜਿੱਠਣਾ ਪੈ ਰਿਹਾ ਹੈ। ਇੰਡਸਟਰੀ ਮਾਹਿਰਾਂ ਵੱਲੋਂ ਪਹਿਲਾਂ ਹੀ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਇਨ੍ਹਾਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ। ਮਿਸਾਲ ਵਜੋਂ ਲੈਕਟੈਲਿਸ ਕੈਨੇਡਾ ਵੱਲੋਂ ਆਪਣੇ ਗਾਹਕਾਂ ਨੂੰ ਲਿਖੇ ਪੱਤਰ ਵਿੱਚ ਇਹ ਆਖਿਆ ਗਿਆ ਹੈ ਕਿ ਸਤੰਬਰ ਵਿੱਚ ਉਸ ਨੂੰ ਔਸਤ ਕੌਮੀ ਮਾਰਕਿਟ ਵਾਧੇ ਦੇ ਹਿਸਾਬ ਨਾਲ ਪੰਜ ਫੀ ਸਦੀ ਕੀਮਤਾਂ ਵਧਾਉਣੀਆਂ ਹੀ ਹੋਣਗੀਆਂ। ਇਹ ਵੀ ਆਖਿਆ ਗਿਆ ਕਿ ਇਹ ਵਾਧਾ ਸੀਡੀਸੀ ਕੀਮਤਾਂ ਵਿੱਚ ਹੋਏ ਇਜਾਫੇ ਤੇ ਕੰਪਨੀ ਨੂੰ ਦਰਪੇਸ਼ ਮਹਿੰਗਾਈ ਸਬੰਧੀ ਵਾਧੇ ਕਾਰਨ ਕੀਤਾ ਜਾ ਰਿਹਾ ਹੈ।

ਆਰਲਾ ਫੂਡਜ਼ ਕੈਨੇਡਾ ਵੱਲੋਂ ਵੀ ਇਸੇ ਤਰ੍ਹਾਂ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਵਿੱਚ ਆਖਿਆ ਗਿਆ ਹੈ ਕਿ ਉਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਦੁੱਧ ਦੀਆਂ ਉੱਚੀਆਂ ਕੀਮਤਾਂ ਕਾਰਨ ਹੋਵੇਗਾ ਤੇ ਇਸ ਤੋਂ ਇਲਾਵਾ ਮਾਲ ਭਾੜੇ ਤੇ ਪੈਕੇਜਿੰਗ ਉੱਤੇ ਹੋਣ ਵਾਲੇ ਖਰਚੇ ਵਿੱਚ ਵਾਧੇ ਕਾਰਨ ਵੀ ਹੋਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਸਟੋਰਜ਼ ਤੋਂ ਖਰੀਦੇ ਜਾਣ ਵਾਲੇ ਹਰ ਤਰ੍ਹਾਂ ਦੇ ਫੂਡਜ਼ ਉੱਤੇ ਇੱਕ ਸਾਲ ਪਹਿਲਾਂ ਮਈ ਵਿੱਚ 9.7 ਫੀ ਸਦੀ ਦਾ ਵਾਧਾ ਹੋਇਆ, ਗਰੌਸਰੀ ਦੀ ਹਰ ਆਈਟਮ ਉੱਤੇ ਇਹ ਵਾਧਾ ਦਰਜ ਕੀਤਾ ਗਿਆ। ਇਹ ਖੁਲਾਸਾ ਪਿਛਲੇ ਮਹੀਨੇ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਤੋਂ ਹੋਇਆ।

# ਪਟਿਆਲੇ ਦੀ ਖੂਬਸੂਰਤ ਮੁਟਿਆਰ ਚਰਨਜੀਤ ਕੌਰ ਬਣੀ ਮਿਸ ਇੰਡੀਆ ਪੰਜਾਬਣ 2022

## ਕੈਨੇਡਾ ਵਿਚ ਹੋਰ ਰਹੇ ਮਿਸ ਵਰਲਡ ਪੰਜਾਬਣ ਵਿਚ 5 ਮੁਟਿਆਰਾਂ ਕਰਨਗੀਆਂ ਭਾਰਤ ਦੀ ਪ੍ਰਤੀਨਿਧਤਾ







ਲੁਧਿਆਣਾ 14 ਜੁਲਾਈ (ਪੋਸਟ ਬਿਊਰੋ ) ਪਟਿਆਲੇ ਦੀ ਰਹਿਣ ਵਾਲੀ 22 ਸਾਲ ਦੀ ਪੰਜ ਫੁੱਟ ਸੱਤ ਇੰਚ ਲੰਬੀ ਵਾਲੀ ਖ਼ੂਬਸੂਰਤ ਮੁਟਿਆਰ ਚਰਨਜੀਤ ਕੌਰ ਨੇ ਆਪਣੀ ਦਿਲਕਸ਼ ਤੇ ਮਨਮੋਹਕ ਅਦਾਕਾਰੀ ਨਾਲ ਨਿਰਣਾਇਕਾ ਨੂੰ ਮੋਹਿਤ ਕਰਕੇ ਮਿਸ ਇੰਡੀਆ ਪੰਜਾਬਣ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ । ਉਸਨੇ ਸਾਇਮਾ ਜੌਹਨ ਦੇ ਗਾਏ ਗੀਤ ਛਮ ਛਮ ਚੂੜੀਆਂ ਹਰ ਪਾਸੇ ਝਾਂਜਰਾਂ ਦਾ ਸ਼ੋਰ ਤੇ ਖ਼ੂਬਸੂਰਤ ਲੋਕ ਨਾਚ ਪੇਸ਼ ਕੀਤਾ ਸੀ । ਕਿੱਤੇ ਪੱਖੋਂ ਉਹ ਪੰਜਾਬ ਰਾਜ ਬਿਜਲੀ ਬੋਰਡ ਵਿਚ ਡਵੀਜਨਲ ਅਕਾਊਂਟੈਂਟ ਵਜੋਂ ਸਰਵਿਸ ਕਰ ਰਹੀ ਹੈ। ਪਿਛਲੀ ਰਾਤ ਲੁਧਿਆਣਾ ਵਿਖੇ ਕਰਵਾਏ ਇਸ ਵਿਲੱਖਣ ਮੁਕਾ-ਬਲੇ ਵਿਚ ਚੰਡੀਗੜ੍ ਦ ੀ ਰਮਨਪ੍ਰੀਤ ਕੌਰ ਅਤੇ ਲੁਧਿਆਣੇ ਦੀ ਸਿਮਰਪ੍ਰੀਤ ਸਾਂਝੇ ਤੌਰ ਤੇ ਪਹਿਲੀਆਂ ਉੱਪ-ਜੇਤੂ ਅਤੇ ਦਿੱਲੀ ਦੀ ਅਮਨਜੋਤ ਵਾਲੀਆ , ਫਤਹਿਗੜ੍ਹ ਸਾਹਿਬ ਦੀ ਸੁਖਦੀਪ ਕੌਰ ਸਾਂਝੇ ਤੌਰ ਤੇ ਦੂਜੀਆਂ ਉਪ-ਜੇਤੂ ਐਲਾਨੀਆਂ ਗਈਆਂ। ਇਹ ਪੰਜੇ ਖ਼ੂਬਸੂਰਤ ਮੁਟਿਆਰਾਂ ਨਵੰਬਰ ਮਹੀਨੇ ਵਿਚ ਕੈਨੇਡਾ ਵਿਖੇ ਹੋ ਰਹੇ ਮਿਸ ਵਰਲਡ ਪੰਜਾਬਣ ਮੁਕਾਬਲੇ ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਨਗੀਆਂ। ਸ . ਜਸਮੇਰ ਸਿੰਘ ਢੱਟ ਦੀ ਨਿਰਦੇਸ਼ਨਾ ਵਿਚ ਸੱਭਿਆਚਾਰਕ ਸੱਥ ਪੰਜਾਬ ਵੱਲੋਂ ਪਿਛਲੇ ਤੀਹ ਸਾਲਾਂ ਤੋਂ ਮਿਸ ਵਰਲਡ ਪੰਜਾਬਣ ਦਾ ਮੁਕਾਬਲਾ ਸਫਲਤਾ ਪੂਰਵਕ ਕਰਵਾਇਆ ਜਾ ਰਿਹਾ ਇਸ ਵਰ੍ਹੇ ਇਹ ਮੁਕਾਬਲਾ ਸੁੱਖੀ ਨਿੱਜਰ ਵਤਨੋਂ ਦੂਰ ਦੇ ਸਹਿਯੋਗ ਨਾਲ ਨਵੰਬਰ ਵਿੱਚ ਟੋਰਾਂਟੋ ਕੈਨੇਡਾ ਵਿਖੇ ਪੂਰੇ ਜਾਹੋ ਜਲਾਲ ਨਾਲ ਕਰਵ-ਾਇਆ ਜਾ ਰਿਹਾ ਹੈ। ਇਸੇ ਲੜੀ ਵਿਚ ਅੱਜ ਇਥੇ ਰਾਮਗੜ੍ਹੀਆ ਗਰਲਜ਼ ਕਾਲਜ ਵਿਖੇ &;ਮਿਸ ਇੰਡੀਆ ਪੰਜਾਬਣ&; ਮੁਕਾਬਲਾ ਕਰਵਾਇਆ ਗਿਆ ਜਿਸ ਵਿਚ ਭਾਰਤ ਦੇ ਵੱਖ ਵੱਖ ਹਿੱਸਿਆਂ ਤੋਂ ਆਈਆਂ 15 ਮੁਟਿਆਰਾਂ ਨੇ ਇਸ ਵਿਲੱਖਣ ਮੁਕਾ-ਬਲੇ ਵਿਚ ਜੇਤੂ ਰਹਿਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਮੁਕਾ-ਬਲੇ ਦਾ ਪਹਿਲਾ ਰਾਊਂਡ ਲੋਕ ਨਾਚ ਦਾ ਸੀ ਜਿਸ ਵਿੱਚ ਮੁਟਿਆਰਾਂ ਨੇ



ਮਸ਼ਹੂਰ ਗਾਇਕਾਂ ਦੇ ਗੀਤਾਂ ਤੇ ਲੋਕ ਨਾਚ ਪੇਸ਼ ਕੀਤੇ। ਦੂਜੇ ਰਾਊਂਡ ਵਿੱਚ ਇਨ੍ਹਾਂ ਮੁਟਿਆਰਾਂ ਦਾ ਹੁਨਰ ਪਰਖਿਆ ਗਿਆ ਜਿਸ ਵਿੱਚ ਮੁਟਿਆਰਾਂ ਨੇ ਗੀਤ ਗਾਉਣ ਤੋਂ ਇਲਾਵਾ ਅਦਾਕਾਰੀ ਅਤੇ ਕਾਮੇਡੀ ਵਿਚ ਆਪਣੇ ਜੌਹਰ ਵਿਖਾਏ। ਤੀਜਾ ਦੌਰ ਘਰੇਲੂ ਕਿਤਿਆਂ ਚਰਖ਼ਾ,
ਚੱਕੀ, ਚਾਟੀ-ਮਧਾਣੀ ਬਾਰੇ ਉਹਨਾਂ ਦੀ ਜਾਣਕਾਰੀ, ਸੱਭਿਆਚਾਰ ਅਤੇ ਵਿਰਸੇ ਨਾਲ ਸੰਬੰਧੀ ਸਵਾਲ ਪੁੱਛੇ ਗਏ ਅਤੇ ਗਿੱਧੇ ਦੀ ਬੋਲੀ ਪਾਉਣ ਲਈ ਕਿਹਾ ਗਿਆ ਜਿਸ ਵਿਚ ਕੁਝ ਮੁਟਿਆਰਾਂ ਦੀ ਜਾਣਕਾਰੀ ਅਧੂਰੀ ਸੀ। ਇਸ ਰਾਉਂਡ ਵਿਚ ਹਾਜ਼ਰ ਦਰਸ਼ਕਾਂ ਨੇ ਵੀ ਡੂੰਘੀ ਦਿਲਚਸਪੀ ਵਿਖਾਈ । ਨਿਰਣਾਇਕਾਂ ਅਤੇ ਸੰਸਥਾ ਦੇ ਅਹੁਦੇਦਾਰਾਂ ਨੇ ਇਹਨਾਂ ਸਾਰੀਆਂ ਮੁਟਿਆਰਾਂ ਨੂੰ ਖ਼ੂਬਸੂਰਤ ਟਰਾਫੀਆਂ, ਸਰਟੀਫਿਕੇਟ, ਰਵਾਇਤੀ ਗਹਿਣੇ ਸੱਗੀ ਫੁੱਲ, ਬੁਘਤੀਆਂ ਅਤੇ ਫੁੱਲਾਂ ਦੇ ਗੁਲਦਸਤਿਆਂ ਨਾਲ ਸਨਮਾਨਿਤ ਕੀਤਾ। ਨਿਰਣਾਇਕਾਂ ਵਿਚ ਉੱਘੇ ਗਾਇਕ ਅਤੇ ਅਦਾਕਾਰ ਅਮਰ ਨੂਰੀ, ਇੰਦਰਜੀਤ ਨਿੱਕੂ ਅਤੇ ਹਰਿੰਦਰ ਹੁੰਦਲ ਤੋਂ ਇਲਾਵਾ ਜ਼ੀ ਟੀ ਵੀ ਦੇ ਪ੍ਰੋਗਰਾਮ ਦੀ ਸੁਪਰ ਮੋਮ ਅਤੇ ਕਲਾਸੀਕਲ ਡਾਂਸ ਦੀ ਮਾਹਿਰ ਸ਼ੁਭਜੀਤ ਕੌਰ ਅਤੇ ਮਿਸਿਜ਼ ਪੰਜਾਬਣ ਜੇਤੂ ਜੋਤੀ ਅਰੋੜਾ ਸ਼ਾਮਲ ਸਨ। ਜਿਨ੍ਹਾਂ ਦਾ ਮਾਣ -ਸਨਮਾਨ ਸੰਸਥਾ ਵਲੋਂ ਕੀਤਾ ਗਿਆ।
ਇਸ ਪ੍ਰੋਗਰਾਮ ਦਾ ਸੰਚਾਲਨ ਉੱਘੇ ਰੰਗਕਰਮੀ ਡਾ. ਨਿਰਮਲ ਜੌੜਾ ਨੇ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਦਿਲਚਸਪ ਅੰਦਾਜ਼ ਵਿੱਚ ਕੀਤਾ ਜਿਨ੍ਹਾਂ ਦਾ ਸਾਥ ਡਾ. ਜਸਲੀਨ ਕੌਰ ਨੇ ਖ਼ੂਬ ਦਿੱਤਾ। ਜੇਤੂਆਂ ਨੂੰ ਖ਼ੂਬਸੂਰਤ ਟਰਾਫੀਆਂ, ਸਰਟੀਫਿਕੇਟ, ਰਵਾਇਤੀ ਗਹਿਣਿਆਂ ਅਤੇ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।
ਹਮੇਸ਼ਾਂ ਵਾਂਗ ਇਸ ਵਾਰ ਵੀ ਸੋਨੂੰ ਨੀਲੀਬਾਰ ਵੱਲੋਂ ਮਿਸ ਵਰਲਡ ਪੰਜਾਬਣ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀਆਂ ਮੁਟਿਆਰਾਂ ਦਾ ਪਹਿਰਾਵਾ ਤਿਆਰ ਕੀਤਾ ਗਿਆ ਹੈ । ਹੈਰੀ ਸਰਾਂ ਇਜ਼ੀ ਸੈਲੂਨ ਅਕੈਡਮੀ ਵੱਲੋਂ ਇਨ੍ਹਾਂ ਮੁਟਿਆਰਾਂ ਨੂੰ ਹੋਰ ਵੀ ਖ਼ੂਬਸੂਰਤ ਬਣਾਉਣ ਲਈ ਮੇਕਅਪ ਕਰਕੇ ਪੂਰਾ ਯੋਗਦਾਨ ਪਾਇਆ ਗਿਆ। ਇਸ ਸਮੇਂ ਸੰਬੋਧਨ ਕਰਦਿਆਂ ਮਿਸ ਵਰਲਡ (ਪੰਜਾਬਣ ਮੁਕਾਬਲਿਆਂ ਦੇ ਬਾਣੀ ਚੇਅਰਮੈਨ ਜਸਮੇਰ ਸਿੰਘ ਢੱਟ ਨੇ ਕਿਹਾ ਕਿ ਇਹ ਮੁਕਾਬਲਾ ਪੰਜਾਬਣਾਂ ਦੇ ਸੁਹੱਪਣ, ਹੁਨਰ ਅਤੇ ਲਿਆਕਤ ਦਾ ਮੁਕਾਬਲਾ ਹੈ, ਕੋਈ ਵਣਜ ਵਪਾਰ ਨਹੀਂ।
ਉਹਨਾਂ ਇਹ ਵੀ ਇੰਕਸਾਫ ਕੀਤਾ ਇਸ ਮੁਕਾਬਲੇ ਦੀ ਲੜੀ ਵਿਚ ਵਜੋਂ 14 ਅਗਸਤ ਨੂੰ ਹਰਜਿੰਦਰ ਤੇਜਿੰਦਰ ਸਿੰਘ ਦੇ ਸਹਿਯੋਗ ਨਾਲ ਸਿਡਨੀ ਵਿਖੇ ਧੀ ਪੰਜਾਬ ਦੀ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਇਸੇ ਤਰਾਂ ਅਮਰੀਕਾ ਤੇ ਹੋਰ ਮੁਲਕਾਂ ਵਿਚ ਵੀ ਮੁੱਢਲੇ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਜੇਤੂ ਰਹੀਆਂ ਮੁਟਿਆਰਾਂ ਹੀ ਮਿਸ ਵਰਲਡ ਪੰਜਾਬਣ-2022 ਮੁਕਾਬਲੇ ਵਿਚ ਵੱਕਾਰੀ ਖਿਤਾਬ ਹਾਸਲ ਕਰਨ ਲਈ ਆਪਸ ਵਿੱਚ ਭਿੜਨਗੀਆਂ।

ਇਸ ਸਮਾਰੋਹ ਸਮੇਂ ਮਸ਼ਹੂਰ ਗਾਇਕ ਵਤਨਜੀਤ ਨੇ ਆਪਣਾ ਨਵਾਂ ਨਕੋਰ ਗੀਤ ਪੰਜਾਬਣ ਜੱਟੀ ਪੇਸ਼ ਕੀਤਾ ਜਿਸਨੂੰ ਰਿਲੀਜ਼ ਕਰਨ ਦੀ
ਰਸਮ ਵੀ ਅਮਰ ਨੂਰੀ ਅਤੇ ਇੰਦਰਜੀਤ ਨਿੱਕੂ ਵਲੋਂ ਕੀਤੀ ਗਈ।
ਇਸ ਮੁਕਬਾਲੇ ਦੇ ਸੱਭ ਤੋਂ ਖ਼ੂਬਸੂਰਤ ਰਾਊਂਡ ਸੋਲੋ ਡਾਂਸ ਵਿੱਚ ਅੰਮ੍ਰਿਤਸਰ ਦੀ ਨਵਨੀਤ ਕੌਰ ਨੇ ਸਰਬਜੀਤ ਕੌਰ ਦੇ ਗੀਤ ਸੋਨੇ ਦਾਗੜਵਾ ਅੰਮ੍ਰਿਤਸਰੋਂ ਮੰਗਵਾ ਦੇ, ਬਠਿੰਡੇ ਦੀ ਪਰਦੀਪ ਕੌਰ ਨੇ ਗੁਰਲੇਜ਼ ਅਖਤਰ ਦਾ ਗੀਤ ਸੱਤ ਪਿੰਡ ਸਾਕ ਮੰਗਦੇ, ਰਮਨਪ੍ਰੀਤ ਕੌਰ ਚੰਡੀਗੜ੍ਹ ਨੇ ਸ਼ਮਸ਼ਾਦ ਬੇਗ਼ਮ ਦਾ ਗੀਤ ਹਾਏ ਨੀ ਮੇਰਾ ਬਾਲਮ , ਦਿੱਲੀ ਦੀ ਇੰਦਰਪ੍ਰੀਤ ਕੌਰ ਨੇ ਅਜ਼ਾਰਾਂ ਜਹਾਨ ਦਾ ਦਿਲ ਦੀਆਂ ਲੱਗੀਆਂ ਨੂੰ ਕੌਣ ਜਾਣਦਾ, ਦਿੱਲੀ ਦੀ ਅਮਨਜੋਤ ਕੌਰ ਵਾਲੀਆ ਨੇ ਆਸ਼ਾ ਭੌਂਸਲੇ ਦਾ ਗੀਤ ਮੈਂ ਜੱਟੀ ਪੰਜਾਬ ਦੀ, ਫਤਹਿਗੜ੍ਹ ਸਾਹਿਬ ਦੀ ਸੁਖਦੀਪ ਕੌਰ ਮੰਡੇਰ ਨੇ ਰਿਤੂ ਦਮਨ ਸ਼ੈਲੀ ਦਾ ਗੀਤ ਕੁੜਤੀ ਮੇਰੀ ਚੀਤ ਦੀ, ਗੁਰਦਾਸਪੁਰ ਦੀ ਕਿਰਨਪ੍ਰੀਤ ਕੌਰ ਨੇ ਸਰਬਜੀਤ ਕੌਰ ਦਾ ਗੀਤ ਨੱਚਦਾ ਆ ਮੁੰਡਿਆ ਹੀਰ ਬੋਲੀਆਂ ਪਾਵੇ, ਹਰਿਆਣਾ ਦੀ ਅਮਨਦੀਪ ਕੌਰ ਭੁੱਲਰ ਨੇ ਨਿਮਰਤ ਖਹਿਰਾ ਦਾ ਗੀਤ ਗੱਭਰੂ ਬਲੈਂਕ ਕਰੇ ਅੱਖਾਂ ਕੁੜੀਓ, ਜਲੰਧਰ ਦੀ ਸਿਮਰਨਜੀਤ ਕੌਰ ਨੇ ਗੀਤ ਆ ਜੋ ਕੁੜੀਓ ਥੋਨੂੰ ਗਿੱਧਾ ਆਵਾਜ਼ਾਂ ਮਾਰਦਾ, ਲੁਧਿਆਣੇ ਦੀ ਸਿਮਰਪ੍ਰੀਤ ਕੌਰ ਨੇ ਰੰਜਨਾ ਦਾ ਗੀਤ ਕੱਚੇ ਕੱਚੇ ਕੱਚ ਦੀਆਂ ਚੂੜੀਆਂ, ਪਟਿਆਲਾ ਦੀ ਜਸਮੀਨ ਕੌਰ ਨੇ ਸੁਰਿੰਦਰ ਕੌਰ ਦਾ ਗੀਤ ਅੱਗ ਪਾਣੀਆਂ ਚ ਹਾਣੀਆਂ ਮੈਂ ਲਾਈ ਰਾਤ ਨੂੰ, ਰਾਜਸਥਾਨ ਦੀ ਰੋਮਲਪ੍ਰੀਤ ਨੇ ਅਮਰ ਨੂਰੀ ਦਾ ਗੀਤ ਨਛੱਤਰਾਂ ਲੈ ਆਈਂ ਵੇ, ਸੰਗਰੂਰ ਦੀ ਮਨਵੀਨ ਕੌਰ ਗਿੱਲ ਨੇ ਮਿਸ ਪੂਜਾ ਦਾ ਗੀਤ ਚਾਂਦੀ ਦੀਆਂ ਝਾਂਜਰਾਂ ਅਤੇ ਉਤਰਾਖੰਡ ਦੀ ਗਗਨਦੀਪ ਕੌਰ ਗਿੱਲ ਨੇ ਸਤਵਿੰਦਰ ਬਿੱਟੀ ਦਾ ਗੀਤ ਤੈਨੂੰ ਦੱਸਣਾ ਪਟੋਲਾ ਬਣ ਕੇ ਵੇ ਤੇ ਡਾਂਸ ਕਰਕੇ ਆਪਣੀ ਕਲਾ ਦਾ ਪ੍ਰਗਟਾਵਾ ਕੀਤਾ।
ਇਸ ਮੁਕਾਬਲੇ ਸਮੇਂ ਹੋਰਨਾਂ ਤੋਂ ਇਲਾਵਾ ਸ. ਰਣਜੋਧ ਸਿੰਘ ਪ੍ਰਧਾਨ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ, ਪ੍ਰਿੰਸੀਪਲ ਮੈਡਮ ਰਾਜੇਸ਼ਵਰ ਕੌਰ, ਰਿੱਕੀ ਸਿੰਘ, ਡਾ. ਦਵਿੰਦਰ ਕੌਰ ਢੱਟ ,ਕਰਮਜੀਤ ਸਿੰਘ ਢੱਟ,ਮੈਡਮ ਹਰਦੀਪ ਕਲਸੀ, ਜਤਿੰਦਰਪਾਲ ਸਿੰਘ ਹੈਪੀ, ਗੁਰਦੇਵ ਪੁਰਬਾ ਆਦਿ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।



# ਮੇਰੀ ਬੇਕਰਜ਼ਫੀਲਡ ਦੀ ਫੇਰੀ, ਕਬੱਡੀ ਦੇ ਜੱਫੇ ਤੇ ਕੰਵਰ ਗਰੇਵਾਲ ਦਾ ਗਾਉਣ

ਪ੍ਰਿੰ. ਸਰਵਣ ਸਿੰਘ





ਹਵਾਈ ਸਫ਼ਰ ਦੀਆਂ ਬੰਦਸ਼ਾਂ ਖੁੱਲੀਆਂ ਤਾਂ ਬੇਕਰਜ਼ਫੀਲਡ ਤੋਂ ਸੁੱਖੀ ਘੁੰਮਣ ਦਾ ਫੋਨ ਆ ਗਿਆ। ਡਾਇਲ 'ਤੇ ਨਾਂ ਪੜ੍ਹਦਿਆਂ ਮੈਨੂੰ ਉਹਦਾ 'ਯੂਨੀਅਨ ਟਰੱਕ ਡਰਾਈਵਿੰਗ ਸਕੂਲ' ਦਿਸਣ ਲੱਗਾ। ਉਹਦੇ ਖੁੱਲ੍ਹੇ ਹਾਤੇ ਵਿਚ ਰੁੱਖਾਂ ਦੀ ਛਾਵੇਂ ਲੱਗੀਆਂ ਰੌਣਕਾਂ ਦਿਖਾਈ ਦੇਣ ਲੱਗੀਆਂ। ਉਥੇ ਪੰਜਾਬ ਦੇ ਖੁੰਢਾਂ ਵਰਗੀ ਸੱਥ ਸਜੀ ਹੋਈ ਸੀ। ਤਰਾਰੇ 'ਚ ਆਏ ਗਾਲੜੀ ਜ਼ਮੀਨ ਅਸਮਾਨ ਦੇ ਕੁੰਡੇ ਮੇਲ ਰਹੇ ਸਨ। ਉਸ ਡਰਾਈਵਿੰਗ ਸਕੂਲ ਨੇ ਹਜ਼ਾਰਾਂ ਬੇਰੁਜ਼ਗਾਰ ਪੰਜਾਬੀ ਟਰੱਕ ਡਰਾਈਵਰ ਬਣਾਏ ਜੋ ਟ੍ਰੱਕਿੰਗ ਦੇ ਰੁਜ਼ਗਾਰ ਵਿਚ ਲੱਗ ਕੇ ਅਮਰੀਕਾ ਦੇ ਮਾਣਯੋਗ ਸ਼ਹਿਰੀ ਬਣੇ। ਉਨ੍ਹਾਂ ਨੇ ਘਰ ਖਰੀਦੇ, ਨਵੇਂ ਟਰੱਕ ਲਏ ਤੇ ਵੱਡੇ ਫਾਰਮ ਰਖਵਾਏ। ਹਾਸੇ ਮਜ਼ਾਕ 'ਚ ਸੁੱਖੀ ਦੇ ਯਾਰ ਦੋਸਤ ਉਸ ਨੂੰ ਭਾਵੇਂ ਕੁਝ ਕਹੀ ਜਾਣ ਪਰ ਮੈਂ ਉਸ ਨੂੰ ਬੇਕਰਜ਼ਫੀਲਡ ਦੀ 'ਟ੍ਰੱਕਿੰਗ ਯੂਨੀਵਰਸਿਟੀ ਦਾ ਵਾਈਸ ਚਾਂਸਲਰ' ਸਮਝਦਾਂ। ਪੰਜਾਬ ਦੀ ਕਿਸੇ ਯੂਨੀਵਰਸਿਟੀ ਨੇ ਸ਼ਾਇਦ ਹੀ ਏਨੇ ਨੌਜੁਆਨਾਂ ਨੂੰ ਰੁਜ਼ਗਾਰ ਸਿਰ ਕੀਤਾ ਹੋਵੇ ਜਿਨਿਆਂ ਨੂੰ ਉਸ ਦੇ ਡਰਾਈਵਿੰਗ ਸਕੂਲ ਨੇ ਕਮਾਈਆਂ ਕਰਨ ਲਾਇਆ। ਮਾੜੇ ਮੋਟੇ ਅੱਖਰ ਉਠਾਲਣ ਜੋਗਾ ਜਿਹੜਾ ਨੌਜੁਆਨ ਵੀ ਉਹਦੇ ਕੋਲ ਆਇਆ ਉਸ ਨੂੰ ਕੁਝ ਹਫ਼ਤਿਆਂ 'ਚ ਹੀ ਡਰਾਈਵਿੰਗ ਕੋਰਸ ਕਰਾ ਕੇ, ਉਹਦਾ ਲਸੰਸ ਬਣਵਾਇਆ ਤੇ ਟਰੱਕ 'ਤੇ ਚੜ੍ਹਾਇਆ। ਫਿਰ ਟਰੱਕ ਡਰਾਈਵਰਾਂ ਮਗਰ ਡਾਲਰ ਈ ਡਾਲਰ, ਵਿਆਹ ਈ ਵਿਆਹ, ਨਰਸਾਂ ਈ ਨਰਸਾਂ ਤੇ ਰਿਸ਼ਤੇਦਾਰ ਈ ਰਿਸ਼ਤੇਦਾਰ ਹਵਾਈ ਜਹਾਜ਼ਾਂ 'ਤੇ ਚੜ੍ਹਦੇ ਆਏ। ਇੰਜ ਝੂੰਦਾਂ-ਅਮਰਗੜ੍ਹ ਦੇ ਸੁਖਵਿੰਦਰ ਸਿੰਘ ਘੁੰਮਣ ਤੇ ਉਸ ਦੀ ਐੱਮਏ ਇਕਨੌਮਿਕਸ ਪਤਨੀ ਬੀਬੀ ਜਸਵਿੰਦਰ ਕੌਰ ਹਜ਼ਾਰਾਂ ਨੌਜੁਆਨਾਂ ਦੇ ਰੁਜ਼ਗਾਰਦਾਤੇ ਬਣੇ। ਸੁੱਖੀ ਘੁੰਮਣ ਦੇ ਕਿਰਦਾਰ ਵਿਚ ਦੀ ਮੈਂ ਪੰਜਾਬ ਦੇ ਸਾਹਸੀ ਨੌਜੁਆਨਾਂ ਨੂੰ ਬਾਰਡਰ ਟੱਪਦੇ, ਮੁਸ਼ਕਲਾਂ ਜਰਦੇ, ਤੰਗੀਆਂ ਕੱਟਦੇ, ਸੰਘਰਸ਼ ਕਰਦੇ ਤੇ ਬਿਗਾਨੀਆਂ ਧਰਤੀਆਂ 'ਤੇ ਕਾਮਯਾਬੀਆਂ ਦੇ ਝੰਡੇ ਗੱਡਦੇ ਵੇਖਦਾਂ।

ਸੁੱਖੀ ਘੁੰਮਣ ਦੇ ਨਾਲ 'ਪੈਰਾਡਾਈਜ਼ ਪੈਲਸ' ਵਾਲੇ ਰੇਡੀਓਕਾਰ ਨਾਜ਼ਰ ਸਿੰਘ ਕੂਨਰ ਦਾ ਫੋਨ ਵੀ ਆ ਗਿਆ ਕਿ ਅਸੀਂ 12 ਜੂਨ ਨੂੰ ਵਿਸਾਖੀ ਮੇਲਾ ਮਨਾ ਰਹੇ ਹਾਂ। ਉਸ ਵਿਚ ਕਬੱਡੀ ਹੋਵੇਗੀ ਤੇ ਕੰਵਰ ਗਰੇਵਾਲ ਦਾ ਗਾਉਣ ਲੱਗੇਗਾ। ਬੱਚਿਆਂ ਤੇ ਬੀਬੀਆਂ ਦੇ ਮਨੋਰੰਜਨ ਦਾ ਪ੍ਰਬੰਧ ਹੋਵੇਗਾ ਜਿਸ ਵਿਚ ਬੀਬੀ ਆਸ਼ਾ ਸ਼ਰਮਾ ਵੀ ਦਰਸ਼ਨ ਦੇਵੇਗੀ। ਦੋਹਾਂ ਸੱਜਣਾਂ ਨੇ ਸੱਦਾ ਦਿੱਤਾ ਕਿ ਮੇਲੇ 'ਚ ਤੁਸੀਂ ਵੀ ਦਰਸ਼ਨ ਦੇਣੇ। 2004 ਵਿਚ ਨਾਜ਼ਰ ਸਿੰਘ ਕੂਨਰ ਨੇ ਮੈਗਜ਼ੀਨ 'ਖੇਡ ਸੰਸਾਰ' ਦੀ ਸਾਡੀ ਟੀਮ ਨੂੰ ਬੇਕਰਜ਼ਫੀਲਡ ਤੋਂ ਨੌਂ ਸੌ ਮੀਲ ਦੂਰ ਐਸਪੀਨੋਲਾ ਲਿਜਾ ਕੇ ਸਾਨੂੰ ਯੋਗੀ ਹਰਭਜਨ ਸਿੰਘ ਨਾਲ ਮਿਲਾਇਆ ਸੀ। ਮੌਕਾ ਸੀ ਯੋਗੀ ਦੇ ਪੁੱਤਰ ਕੁਲਬੀਰ ਸਿੰਘ ਦੇ ਵਿਆਹ ਦਾ। ਦੂਰੋਂ ਨੇੜਿਓਂ ਆਏ ਮਹਿਮਾਨ ਸ੍ਰੀ ਸਿੰਘਾਸਨ-ਏ-ਖਾਲਸਾ ਕੋਲ ਜੁੜਨੇ ਸ਼ੁਰੂ ਹੋ ਗਏ ਸਨ ਜਿਥੇ ਅਨੰਦ ਕਾਰਜ ਹੋਣੇ ਸਨ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵੀ ਪਹੁੰਚ ਗਏ ਤੇ ਤਖਤ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਤਰਲੋਚਨ ਸਿੰਘ ਵੀ। ਸ਼ਿਕਾਗੋ ਵਾਲੇ ਸੰਤ ਬਾਬਾ ਦਲਜੀਤ ਸਿੰਘ ਵੀ ਸਨ। ਹੋਰਨਾਂ ਵਿਸ਼ੇਸ਼ ਵਿਅਕਤੀਆਂ ਵਿਚ ਭਾਰਤ ਦੀਆਂ ਘੱਟ ਗਿਣਤੀਆਂ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਸਨ।

ਮੈਗਜ਼ੀਨ 'ਖੇਡ ਸੰਸਾਰ' ਰਿਲੀਜ਼ ਕਰਨ ਦਾ ਉਹ ਉਚਿਤ ਮੌਕਾ ਸੀ। ਅਸੀਂ ਸਿੰਘ ਸਾਹਿਬਾਨ ਨੂੰ ਮੈਗਜ਼ੀਨ ਰਿਲੀਜ਼ ਕਰਨ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਬੜੀ ਪ੍ਰਸੰਨਤਾ ਨਾਲ ਸਾਡੀ ਬੇਨਤੀ ਪਰਵਾਨ ਕਰ ਲਈ ਅਤੇ 'ਖੇਡ ਸੰਸਾਰ' ਦੀ ਪਹਿਲੀ ਕਾਪੀ ਪੰਜਾਬੀ ਜਗਤ ਨੂੰ ਸਮਰਪਿਤ ਕਰ ਦਿੱਤੀ। ਅਨੰਦ ਕਾਰਜ ਵਿਚ ਹਾਜ਼ਰੀ ਲਵਾ ਕੇ ਅਸੀਂ ਯੋਗੀ ਹਰਭਜਨ ਸਿੰਘ ਜੀ ਦਾ ਹਾਲ ਚਾਲ ਪੁੱਛਣਾ ਚਾਹੁੰਦੇ ਸਾਂ। ਉਹ ਕਾਫੀ ਦੇਰ ਤੋਂ ਬੀਮਾਰ ਸਨ। ਡਾਕਟਰਾਂ ਨੇ ਉਨ੍ਹਾਂ ਨੂੰ ਬਿਸਤਰੇ 'ਚ ਪਏ ਰਹਿਣ ਦੀ ਸਲਾਹ ਦਿੱਤੀ ਸੀ। ਜਦੋਂ ਸਿੰਘ ਸਾਹਿਬਾਨ ਉਨ੍ਹਾਂ ਨੂੰ ਮਿਲਣ ਗਏ ਤਾਂ ਨਾਜ਼ਰ ਸਿੰਘ ਕੂਨਰ ਸਾਨੂੰ ਵੀ ਨਾਲ ਲੈ ਗਿਆ। ਮੈਨੂੰ ਤੇ ਸੰਤੋਖ ਮੰਡੇਰ ਨੂੰ ਉਨ੍ਹਾਂ ਨੇ ਸਿਆਣ ਲਿਆ। ਮੰਡੇਰ ਨੂੰ ਉਨ੍ਹਾਂ ਨੇ ਫੋਟੋ ਖਿੱਚਣ ਦੀ ਆਗਿਆ ਦੇ ਦਿੱਤੀ ਤੇ ਨਾਲ ਹੀ ਹਸਦੇ ਹੋਏ ਕਿਹਾ, "ਟੌਹੜਾ ਫੋਟੋ ਖਿਚਾਉਣ ਪਿੱਛੋਂ ਚੱਲ ਵਸਿਆ ਸੀ। ਵੇਖਿਓ ਕਿਤੇ ਮੇਰੇ ਨਾਲ ਵੀ ਉਹੀ ਨਾ ਹੋਵੇ!" ਉਥੇ ਯੋਗੀ ਜੀ ਨੇ 'ਖੇਡ ਸੰਸਾਰ' ਦਾ ਸਿਰ ਪਲੋਸਿਆ ਤੇ ਫੋਟੋ ਖਿਚਵਾਈ। ਨਾਲ ਹੀ ਸਾਨੂੰ ਕਿਹਾ ਕਿ ਤਕੜੇ ਹੋ ਕੇ ਮੈਗਜ਼ੀਨ ਚਲਾਇਓ ਤੇ ਨਵੀਂ ਪੀੜ੍ਹੀ ਨੂੰ ਸਿਹਤ ਨਰੋਈ ਬਣਾਉਣ ਦੀ ਚੇਟਕ ਲਾਇਓ।

ਸੁੱਖੀ ਘੁੰਮਣ ਤੇ ਨਾਜ਼ਰ ਕੂਨਰ ਦੇ ਸੱਦੇ ਨਾਲ ਮੈਨੂੰ 1990 ਵਿਚ ਲਿਖਿਆ ਆਪਣਾ ਸਫ਼ਰਨਾਮਾ 'ਮੇਰੀ ਅਮਰੀਕਾ ਫੇਰੀ' ਵੀ ਯਾਦ ਆ ਗਿਆ ਸੀ ਜਿਸ ਦਾ ਨਾਂ ਬਾਅਦ ਵਿਚ 'ਅੱਖੀਂ ਵੇਖ ਨਾ ਰੱਜੀਆਂ' ਰੱਖਿਆ ਗਿਆ ਸੀ। ਉਹ ਛੇ ਸਾਲ ਬੀਏ ਦੇ ਵਿਦਿਆਰਥੀਆਂ ਲਈ ਪੰਜਾਬ ਯੂਨੀਵਰਸਿਟੀ ਦੀ ਪਾਠ ਪੁਸਤਕ ਬਣਿਆ ਰਿਹਾ। ਉਸ ਵਿਚ ਬੇਕਰਜ਼ਫੀਲਡ ਬਾਰੇ ਲਿਖੇ ਕਾਂਡ ਦਾ ਸਿਰਲੇਖ 'ਸੱਜਣਾਂ ਦਾ ਸ਼ਹਿਰ' ਰੱਖਿਆ ਗਿਆ ਸੀ। ਸੱਜਣਾਂ ਦੇ ਸ਼ਹਿਰ ਦਾ ਸੱਦਾ ਮੈਂ ਕਿਵੇਂ ਨਾ ਮੰਨਦਾ? ਉਂਜ ਵੀ ਕਰੋਨਾ ਦੀਆਂ ਬੰਦਸ਼ਾਂ ਕਰਕੇ ਦੋ ਸਾਲਾਂ ਤੋਂ ਘਰ 'ਚ ਡੱਕਿਆ ਹੋਇਆ ਸਾਂ। ਹੁਣ ਕਰੋਨੇ ਦੀਆਂ ਪਾਬੰਦੀਆਂ ਘਟ ਗਈਆਂ ਸਨ ਸੋ ਬਾਹਰ ਨਿਕਲਿਆ ਜਾ ਸਕਦਾ ਸੀ।

ਮੈਂ ਟੋਰਾਂਟੋ ਤੋਂ ਸਿੱਧਾ ਬੇਕਰਜ਼ਫੀਲਡ ਜਾਣ ਬਾਰੇ ਸੋਚ ਰਿਹਾ ਸਾਂ ਕਿ ਸੱਰੀ ਤੋਂ ਸੰਤੋਖ ਸਿੰਘ ਮੰਡੇਰ ਦਾ ਫੋਨ ਆ ਗਿਆ। ਉਸ ਦਾ ਸੱਦਾ ਸੀ ਕਿ ਵੈਨਕੂਵਰ ਆ ਜਾਓ, ਏਥੋਂ ਆਪਾਂ ਸਿਆਟਲ ਤਕ ਕਾਰ 'ਚ ਚੱਲਾਂਗੇ। ਉਥੇ ਬੜੇ ਪਿੰਡ ਵਾਲੇ ਖੇਡ ਪ੍ਰੇਮੀ ਦਰਸ਼ਨ ਸਿੰਘ ਬੱਬੀ ਦੀ ਬੇਟੀ ਦੇ ਵਿਆਹ ਵਿਚ ਸ਼ਾਮਲ ਹੋਵਾਂਗੇ ਜਿਥੇ ਬਹੁਤ ਸਾਰੇ ਦੋਸਤ ਮਿੱਤਰ ਮਿਲ ਜਾਣਗੇ। ਉਨ੍ਹਾਂ ਨੂੰ ਮਿਲ ਕੇ ਸਿਆਟਲ ਤੋਂ ਜਹਾਜ਼ ਚੜ੍ਹਾਂਗੇ ਤੇ ਫ਼ਰਿਜ਼ਨੋ ਜਾ ਉਤਰਾਂਗੇ। ਫਰਿਜ਼ਨੋ ਤੋਂ ਸੁੱਖੀ, ਪਾਲ ਸਹੋਤਾ ਜਾਂ ਉਹਨਾਂ ਦਾ ਕੋਈ ਸਾਥੀ ਬੇਕਰਜ਼ਫੀਲਡ ਲੈ ਜਾਵੇਗਾ। ਅੰਨ੍ਹਾ ਕੀ ਭਾਲੇ ਦੋ ਅੱਖਾਂ! ਮੈਨੂੰ ਓਲੰਪੀਅਨ ਫੋਟੋਕਾਰ ਮੰਡੇਰ ਦਾ ਸਾਥ ਮਿਲ ਗਿਆ ਸੀ। ਵਡੇਰੀ ਉਮਰੇ ਸਾਥ ਚਾਹੀਦਾ ਵੀ ਸੀ। ਮੈਂ ਟੋਰਾਂਟੋ ਤੋਂ ਉਡਾਣ ਫੜੀ ਤੇ ਵੈਨਕੂਵਰ ਜਾ ਉਤਰਿਆ। ਸ਼ਾਮ 'ਬੀਲ੍ਹੇ ਦੀ ਖੇਡ' ਵਾਲੇ ਗਰੇਵਾਲ ਭਰਾਵਾਂ ਪ੍ਰੀਤਮ ਸਿੰਘ ਤੇ ਬਿੰਦਰ ਹੋਰਾਂ ਨਾਲ ਗੁਜ਼ਾਰੀ ਤੇ ਸਵੇਰਸਾਰ ਸਿਆਟਲ ਨੂੰ ਚਾਲੇ ਪਾ ਲਏ। ਸਿਆਟਲ ਵੱਲ ਦੀ ਜਾਣ ਦਾ ਇਕ ਕਾਰਨ ਹੋਰ ਵੀ ਸੀ ਕਿ ਟੋਰਾਂਟੋ ਤੋਂ ਅੰਤਰਰਾਸ਼ਟਰੀ ਉਡਾਣ ਫੜਨ ਲਈ ਖੜ੍ਹੇ ਪੈਰ ਕਰੋਨਾ ਟੈੱਸਟ ਕਰਾਉਣਾ ਜ਼ਰੂਰੀ ਸੀ। ਸੜਕ ਰਸਤੇ ਬਾਰਡਰ ਕਰਾਸ ਕਰਨ ਵਿਚ ਅਜਿਹਾ ਅੜਿੱਕਾ ਨਹੀਂ ਸੀ। ਮੇਰੇ ਕੋਲ ਅਮਰੀਕਾ ਜਾਣ ਦਾ ਵੀਜ਼ਾ ਤਾਂ ਸੀ ਪਰ ਬਾਰਡਰ ਤੋਂ ਐਂਟਰੀ ਲਵਾਉਣ ਲਈ ਰੁਕਣਾ ਪੈਣਾ ਸੀ। ਉਥੇ ਟਾਈਮ ਲੱਗ ਸਕਦਾ ਸੀ ਜੋ ਦਸ ਪੰਦਰਾਂ ਮਿੰਟ ਹੀ ਲੱਗਾ। ਹਾਂ, ਸਿਆਟਲ ਹਵਾਈ ਅੱਡੇ 'ਤੇ ਸਕਿਉਟੀ 'ਚੋਂ ਲੰਘਦਿਆਂ ਜ਼ਰੂਰ ਖੱਜਲ ਖੁਆਰੀ ਹੋਈ ਜਿਸ ਲਈ ਅਸੀਂ ਖ਼ੁਦ ਜ਼ਿੰਮੇਵਾਰ ਸਾਂ। ਬੇਧਿਆਨੀ 'ਚ ਅਸੀਂ ਬੈਲਟਾਂ ਲਾਹੁਣੀਆਂ ਭੁੱਲ ਗਏ ਸਾਂ ਜਿਨ੍ਹਾਂ ਦੇ ਬਕਲਾਂ ਨੇ ਕੈਬਿਨ 'ਚ ਲਾਲ ਬੱਤੀਆਂ ਜਗਾ ਦਿੱਤੀਆਂ। ਫੇਰ ਕੀ ਸੀ, ਬੱਕਰੇ ਦਾ ਮਾਸ ਟੋਹਣ ਵਾਂਗ ਸਾਨੂੰ ਥਾਂ-ਥਾਂ ਤੋਂ ਟੋਹਿਆ ਗਿਆ ਤੇ ਪੈਰਾਂ ਤੋਂ ਪੱਗਾਂ ਤਕ ਖਰਖਰਾ ਜਿਹਾ ਫੇਰਦਿਆਂ ਅੱਧਾ ਘੰਟਾ ਰੋਕੀ ਰੱਖਿਆ ਗਿਆ। ਏਨੀ ਕੁ ਸਖਤਾਈ ਨਾਲ ਅੱਗੇ ਤੋਂ ਮੱਤ ਮਿਲ ਗਈ ਕਿ ਸਕਿਰਉਟੀ ਵਿਚ ਦੀ ਲੰਘਣ ਵੇਲੇ ਆਪਣੀ ਬੈਲਟ, ਘੜੀ, ਕੜਾ, ਛਾਪ-ਛੱਲਾ, ਬਟੂਆ, ਪੈੱਨ, ਐਨਕਾਂ, ਬੂਟ, ਗੱਲ ਕੀ ਤਨ ਦੇ ਕਪੜਿਆਂ ਬਿਨਾਂ ਕੁਝ ਵੀ ਨਾਲ ਨਹੀਂ ਰੱਖਣਾ ਚਾਹੀਦਾ। ਮੁੜਦੀ ਵਾਰ ਰੱਖਿਆ ਨਹੀਂ ਜਿਸ ਕਰਕੇ ਰੁਕਾਵਟ ਵੀ ਨਹੀਂ ਪਈ।

ਫਰਿਜ਼ਨੋ ਦੇ ਹਵਾਈ ਅੱਡੇ 'ਚੋਂ ਬਾਹਰ ਨਿਕਲੇ ਤਾਂ ਨਵੀਂ ਟੌਹਰੀ ਕਾਰ 'ਬਰੈਂਡਲੇ' ਵਿਚ ਸੁੱਖੀ ਘੁੰਮਣ ਤੇ ਬੋਪਾਰਾਏ ਵਾਲਾ ਸਿਮਰਨ ਦਿਓਲ ਸਾਨੂੰ ਉਡੀਕ ਰਹੇ ਸਨ। ਮਿਲਣ ਗਿਲਣ ਬਾਅਦ ਕਾਰ 'ਚ ਬੈਠੇ ਤਾਂ ਨਵੀਂ ਕਾਰ ਦੀਆਂ ਵਧਾਈਆਂ ਦਿੱਤੀਆਂ। ਸਿਮਰਨ ਨੇ ਆਪਣੀ ਜਾਣ ਪਛਾਣ ਕਰਾਉਂਦਿਆਂ ਦੱਸਿਆ ਕਿ ਉਹ ਕਬੱਡੀ ਖਿਡਾਰੀ ਸਵਰਨੇ ਬਾਰੇਆਲੀਏ ਦਾ ਭਾਣਜਾ ਹੈ। ਸਵਰਨੇ ਨੂੰ ਮੈਂ ਮੋਗੇ ਗੁਰੂ ਨਾਨਕ ਕਾਲਜ ਵਿਚ ਪੜ੍ਹਨ ਵੇਲੇ ਤੋਂ ਜਾਣਦਾ ਸਾਂ। ਜੇਠ ਹਾੜ ਦੀ ਗਰਮੀ ਵਿਚ ਅੰਦਰੋਂ ਠੰਢੀ-ਠਾਰ ਕਾਰ ਸ਼ਾਹਰਾਹ 99 'ਤੇ ਫਰਾਟੇ ਭਰਨ ਲੱਗੀ। ਸਵਾ ਕੁ ਘੰਟੇ 'ਚ ਅਸੀਂ ਸੁੱਖੀ ਦੇ ਨਵੇਂ ਬਣੇ 'ਯੂਨੀਅਨ ਟਰੱਕ ਸਟਾਪ' 'ਤੇ ਪਹੁੰਚ ਗਏ। ਰੈਸਟੋਰੈਂਟ ਵਿਚ ਚੌਲ ਕੜ੍ਹੀ, ਰਾਇਤਾ, ਤਾਜ਼ੀ ਟਿੰਡੋ ਦੀ ਸਬਜ਼ੀ, ਦੇਸੀ ਤੜਕੇ ਵਾਲੀ ਦਾਲ ਤੇ ਮੀਟ ਦੀ ਤਰੀ ਮਹਿਕ ਰਹੀ ਸੀ। ਭੁੱਖ ਵੀ ਵਾਹਵਾ ਲੱਗੀ ਸੀ ਜਿਸ ਕਰਕੇ ਮੰਡੇਰ ਸਭ ਕੁਝ ਬੰਨੇ ਲਾਈ ਗਿਆ। ਉਹ ਖਾਣ ਲੱਗੇ ਤਾਂ ਦੋ ਦਿਨਾਂ ਦੀ ਖੁਰਾਕ ਖਾ ਜਾਂਦੈ, ਨਾ ਖਾਵੇ ਤਾਂ ਦੋ ਦਿਨ ਖਾਂਦਾ ਈ ਨਹੀਂ! ਖਾ ਪੀ ਕੇ ਅਸੀਂ ਕਬੱਡੀ ਲਈ ਬਣਾਇਆ ਮੈਦਾਨ ਵੇਖਣ ਗਏ ਜੋ ਵਾਹਿਆ ਸੁਹਾਗਿਆ ਖੇਤ ਸੀ। ਉਥੇ ਪੰਦਰਾਂ ਵੀਹ ਖੇਡ ਪ੍ਰੇਮੀ ਉਸ ਦੀ ਸਾਫ ਸਫਾਈ ਕਰ ਰਹੇ ਸਨ। ਮੰਡੇਰ ਵੀ ਉਨ੍ਹਾਂ ਨਾਲ ਕਬੱਡੀ ਦਾ ਦਾਇਰਾ ਸੰਵਾਰਨ ਲੱਗਾ। ਸਟੇਜ ਦਾ ਮੂੰਹ ਪੱਛਮ ਵੱਲ ਨੂੰ ਸੀ ਜੋ ਬਾਅਦ ਦੁਪਹਿਰ ਸੂਰਜ ਦੀ ਤੇਜ਼ ਧੁੱਪ ਨਾਲ ਤਪਣ ਲੱਗ ਪੈਣਾ ਸੀ। ਅਸੀਂ ਉਹਦਾ ਮੂੰਹ ਪੂਰਬ ਵੱਲ ਕਰਵਾਇਆ ਤੇ ਸਫੈਦਿਆਂ ਦੀ ਛਾਵੇਂ ਜਾ ਸਜਾਇਆ। ਕਬੱਡੀ ਦੇ ਮੈਦਾਨ ਦੁਆਲੇ ਦਰਸ਼ਕਾਂ ਲਈ ਟੈਂਟ ਲਾਏ ਤੇ ਕੁਰਸੀਆਂ ਡਾਹੀਆਂ ਜਾ ਰਹੀਆਂ ਸਨ।

ਫਿਰ ਅਸੀਂ ਮੇਲੇ ਦੇ ਪ੍ਰਬੰਧਕਾਂ ਦੀ ਮੀਟਿੰਗ ਵਿਚ ਸ਼ਾਮਲ ਹੋਏ ਜਿਥੇ ਨਾਜ਼ਰ ਕੂਨਰ ਤੇ ਸੁੱਖੀ ਘੁੰਮਣ ਤੋਂ ਇਲਾਵਾ ਰਾਣਾ ਲੌਟ, ਸਿਮਰਨ ਦਿਓਲ, ਅਮਰਜੀਤ ਟੁੱਟ, ਸੋਨੂੰ ਸਿਮੀ ਲਿੰਕ, ਬੌਬੀ ਬਰਾੜ, ਪਾਲ ਸੇਖੋਂ, ਹਰਦੀਪ ਰਾਏ, ਪਿੰਦਾ ਰਾਓ, ਲੱਕੀ ਸਪਰਾ, ਨਵਦੀਪ ਗਰੇਵਾਲ-ਸਿਟੀ ਲਿੰਕ, ਪਾਲ ਸੇਖੋਂ, ਦੀਪੀ ਉਪਲ, ਭਜਨ ਸੰਧੂ, ਮਹਿੰਦਰ ਧਾਲੀਵਾਲ, ਅਮਰੀਕ ਅਟਵਾਲ, ਕੰਵਲਜੀਤ, ਪ੍ਰਦੀਪ ਦੀਪਾ, ਮਾਨ ਢੀਡਸਾ, ਰਵਿੰਦਰ ਬਸਰਾ, ਰੰਗੀ, ਹਰਬੰਸ, ਮਨਜੀਤ ਰੰਧਾਵਾ, ਮੇਜਰ ਚਾਹਲ, ਡਾ: ਮਹਿਤਾਬ, ਰਾਮਿੰਦਰ, ਰਾਜਪਾਲ, ਕਰਮਜੀਤ ਕੰਗ, ਗੁਰਦਰਸ਼ਨ ਮਾਨ ਤੇ ਹੋਰ ਕਈ ਹੀਰੇ ਹਾਜ਼ਰ ਸਨ। ਉਥੇ ਅਗਲੇ ਦਿਨ ਦਾ ਪ੍ਰੋਗਰਾਮ ਫਾਈਨਲ ਕੀਤਾ ਗਿਆ।

12 ਜੂਨ ਸਵੇਰੇ ਕੂਨਰ ਦੇ ਰੇਡੀਓ ਤੋਂ ਅਸੀਂ ਵਿਸਾਖੀ ਮੇਲੇ ਦੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ ਤੇ ਉਨ੍ਹਾਂ ਨੂੰ ਹੁਮਹੁਮਾ ਕੇ ਮੇਲੇ ਵਿਚ ਪੁੱਜਣ ਦਾ ਸੱਦਾ ਦਿੱਤਾ। ਮੰਡੇਰ ਕੈਮਰੇ ਸੰਭਾਲ ਕੇ ਕਬੱਡੀ ਦੇ ਗਰਾਊਂਡ ਦੀ ਮਾਰਕਿੰਗ ਵਿਚ ਰੁੱਝ ਗਿਆ ਤੇ ਮੈਂ ਲਾਗੇ ਹੀ ਕੂਨਰ ਦੇ ਘਰ ਆਰਾਮ ਕਰਨ ਚਲਾ ਗਿਆ। ਮੈਨੂੰ ਪਤਾ ਸੀ ਕਿ ਕਬੱਡੀਆਂ ਤਾਂ ਬਾਰਾਂ ਵਜੇ ਤੋਂ ਬਾਅਦ ਹੀ ਪੈਣਗੀਆਂ। ਕੂਨਰ ਦੇ ਘਰ ਆਪਣੇ ਪਤੀ ਹਰਮੋਹਨ ਸਮੇਤ ਬੀਬੀ ਆਸ਼ਾ ਸ਼ਰਮਾ ਵੀ ਆ ਗਈ ਜਿਸ ਨਾਲ ਕੈਲੇਫੋਰਨੀਆ ਦੇ ਸਭਿਆਚਾਰਕ ਮੇਲਿਆਂ ਦੀਆਂ ਗੱਲਾਂ ਹੋਣ ਲੱਗੀਆਂ। ਇਕ ਦਿਨ ਪਹਿਲਾਂ ਹੀ ਉਹ ਯੂਬਾ ਸਿਟੀ ਦਾ ਖੇਡ ਮੇਲਾ ਭੁਗਤਾ ਕੇ ਆਈ ਸੀ। ਬਾਰਾਂ ਕੁ ਵਜੇ ਅਸੀਂ ਸਟੇਜ 'ਤੇ ਗਏ ਤਾਂ ਟੈਂਟ ਦਰਸ਼ਕਾਂ ਨਾਲ ਭਰ ਚੁੱਕੇ ਸਨ ਤੇ ਕਬੱਡੀ ਦੀਆਂ ਟੀਮਾਂ ਨੂੰ ਮੈਦਾਨ ਵਿਚ ਨਿਤਰਨ ਲਈ ਆਵਾਜ਼ਾਂ ਪੈ ਰਹੀਆਂ ਸਨ। ਮੈਂ ਟੀਮਾਂ ਦੀ ਲਿਸਟ 'ਤੇ ਝਾਤ ਮਾਰੀ ਤਾਂ ਪੰਜਾਬ ਸਪੋਰਟਸ ਕਲੱਬ ਕੈਲੇਫੋਰਨੀਆ, ਸਪੋਰਟਸ ਕਲੱਬ ਬੇਕਰਜ਼ਫੀਲਡ, ਸਪੋਰਟਸ ਕਲੱਬ ਰਿਵਰਸਾਈਡ ਤੇ ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਦੇ ਨਾਂ ਲਿਖੇ ਹੋਏ ਸਨ। ਮੇਰੀ ਤੇ ਬੀਬੀ ਆਸ਼ਾ ਸ਼ਰਮਾ ਦੀ ਡਿਊਟੀ ਸਟੇਜ ਉਪਰ ਸੀ ਜਦ ਕਿ ਇਕਬਾਲ ਗਾਲਿਬ ਤੇ ਸਵਰਨ ਸਿੰਘ ਨੇ ਮੈਚਾਂ ਦੀ ਕੁਮੈਂਟਰੀ ਕਰਨੀ ਸੀ। ਕੋਟਕਪੂਰੇ ਵਾਲਾ ਪ੍ਰੋ. ਦਰਸ਼ਨ ਸਿੰਘ ਸੰਧੂ ਤੇ ਬਾਸਕਟਬਾਲ ਵਾਲਾ ਬਹਾਦਰ ਸਿੰਘ ਟੈਕਨੀਕਲ ਐਡਵਾਈਜ਼ਰ ਸਨ।

ਸਟੇਜ 'ਤੇ ਸੁੱਖੀ ਤੇ ਕੂਨਰ ਨਾਲ ਕਰੱਦਰਜ਼ ਤੋਂ ਸੌਗੀ ਦਾ ਸ਼ਹਿਨਸ਼ਾਹ ਚਰਨਜੀਤ ਸਿੰਘ ਬਾਠ, ਮੇਲੇ ਦੇ ਪੰਜ ਹਜ਼ਾਰੀਏ ਆਰਗੇਨਾਈਜ਼ਰ, ਪੰਜ ਪੰਜ ਸੌ ਡਾਲਰਾਂ ਦਾ ਯੋਗਦਾਨ ਪਾਉਣ ਵਾਲੇ ਮੈਂਬਰ ਅਤੇ ਕੁਝ ਵਿਸ਼ੇਸ਼ ਵਿਅਕਤੀ ਬਿਰਾਜਮਾਨ ਸਨ। ਮੈਚ ਸ਼ੁਰੂ ਹੁੰਦਿਆਂ ਫਰਿਜ਼ਨੋ ਤੋਂ ਰਾਇਲ ਐਕਸਪ੍ਰੈੱਸ ਦੇ ਹਰੇ ਟਰੱਕਾਂ ਵਾਲੇ ਖੇਡ ਪ੍ਰਮੋਟਰ ਪਾਲ ਸਹੋਤਾ ਹੋਰੀਂ ਵੀ ਪਹੁੰਚ ਗਏ। ਤਰਲੋਚਣ ਸਿੰਘ ਲੱਛਰ ਆਪਣੀ ਕਬੱਡੀ ਦੀ ਟੀਮ ਲੈ ਕੇ ਆਗਿਆ। ਦਲਬੀਰ ਚੌਧਰੀ, ਵੀਰੂ ਵੱਡਾ ਘਰ, ਮੇਸ਼ੀ ਭਲਵਾਨ ਤੇ ਦੇਵਿੰਦਰ ਕੋਚ ਮੈਚਾਂ ਦੇ ਰੈਫਰੀ ਸਨ। ਮੈਂ ਪ੍ਰਬੰਧਕਾਂ ਨੂੰ ਵਿਸਾਖੀ ਮੇਲੇ ਦੀਆਂ ਮੁਬਾਰਕਾਂ ਦਿੰਦਿਆਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਪਿਛੋਕੜ, ਕਬੱਡੀ ਦੀਆਂ ਕਿਸਮਾਂ ਤੇ ਫਿਰ ਕਬੱਡੀ ਨੂੰ ਲੱਗੇ ਡਰੱਗ ਦੇ ਜੱਫੇ ਤੋਂ ਗੁੰਡਾਗਰਦੀ ਦੇ ਜੱਫੇ ਤੱਕ ਦੀਆਂ ਗੱਲਾਂ ਕੀਤੀਆਂ। ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਤੇ ਸਾਫ ਸੁਥਰੀ ਖੇਡ ਵਿਖਾਉਣ ਦੀ ਤਾਕੀਦ ਕੀਤੀ। ਬੀਬੀ ਆਸ਼ਾ ਸ਼ਰਮਾ ਸ਼ਿਅਰੋ ਸ਼ਾਇਰੀ ਨਾਲ ਮੇਲਾ ਨਿਹਾਲ ਕਰਨ ਲੱਗੀ ਤਾਂ ਮੈਥੋਂ ਕਹਿਣੋ ਨਾ ਰਿਹਾ ਗਿਆ, ਕਿਸੇ ਦੇ ਸੱਤ ਹਲ ਚਲਦੇ ਹੋਣਗੇ, ਕਿਸੇ ਦੇ ਸੱਤ ਟਰੱਕ। ਆਹ ਸੁਣੋ ਸਟੇਜ ਦੀ ਮਲਕਾ ਬੀਬੀ ਜੀ ਦੀ ਜ਼ਬਾਨ ਹੀ ਸੱਤਾਂ ਹਲਾਂ ਨੂੰ ਮਾਤ ਪਾਈ ਜਾਂਦੀ ਐ! ਬੀਬੀ ਦਾ ਜਵਾਬ ਸੀ, ਪ੍ਰਿੰਸੀਪਲ ਸਾਹਿਬ ਕਲਮ ਤਾਂ ਤੁਹਾਡੀ ਵੀ ਸੱਤਾਂ ਹਲਾਂ ਤੋਂ ਘੱਟ ਨਹੀਂ ਚਲਦੀ! ਕਬੱਡੀ ਮੈਚਾਂ ਨਾਲ ਹਾਸੇ ਖੇਡੇ ਦੀਆਂ ਗੱਲਾਂ ਵੀ ਚਲਦੀਆਂ ਰਹੀਆਂ। ਅਸੀਂ ਸੱਦੇ ਹੀ ਸ਼ਬਦੀ ਫੁੱਲਝੜੀਆਂ ਚਲਾਉਣ ਲਈ ਸਾਂ।

ਕਬੱਡੀ ਦੇ ਫਸਵੇਂ ਮੈਚ ਹੁੰਦੇ ਰਹੇ, ਕਿਸੇ ਦੀ ਜਿੱਤ ਤੇ ਕਿਸੇ ਦੀ ਹਾਰਾਂ ਹੁੰਦੀ ਰਹੀ, ਕੁਮੈਂਟੇਟਰ ਕੁਮੈਂਟਰੀ ਕਰਦੇ ਰਹੇ, ਖਿਡਾਰੀਆਂ ਨੂੰ ਇਨਾਮ ਮਿਲਦੇ ਰਹੇ, ਦਰਸ਼ਕ ਤਾੜੀਆਂ ਮਾਰਦੇ ਰਹੇ, ਸੰਤੋਖ ਮੰਡੇਰ ਫੋਟੋਆਂ ਖਿੱਚਦਾ ਰਿਹਾ ਤੇ ਪ੍ਰਬੰਧਕਾਂ ਵੱਲੋਂ ਆਉਣ ਜਾਣ ਵਾਲਿਆਂ ਦਾ ਆਦਰ ਮਾਣ ਹੁੰਦਾ ਰਿਹਾ। ਬਿਨਾਂ ਸੱਟ-ਫੇਟ ਤੇ ਰੌਲੇ-ਰੱਪੇ ਦੇ ਕਬੱਡੀ ਟੂਰਨਾਮੈਂਟ ਸਫਲ ਰਿਹਾ। ਇਸ ਦਾ ਮੁੱਖ ਕਾਰਨ ਵਧੇਰੇ ਖਿਡਾਰੀ ਸਥਾਨਕ ਸਨ। ਮੇਲੇ ਵਿਚ ਮੇਰੀ ਪੁਸਤਕ 'ਖੇਡ ਖਿਡਾਰੀ' ਚਰਨਜੀਤ ਸਿੰਘ ਬਾਠ, ਸੁੱਖੀ ਘੁੰਮਣ, ਨਾਜ਼ਰ ਕੂਨਰ, ਪਾਲ ਸਹੋਤਾ, ਸਿਮਰਨ ਦਿਓਲ ਤੇ ਰਾਣੇ ਹੋਰਾਂ ਨੇ ਰਿਲੀਜ਼ ਕੀਤੀ। ਮੈਂ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰੀ ਅਗਲੀ ਪੁਸਤਕ ਬੇਕਰਜ਼ਫੀਲਡ ਦੇ ਸੱਜਣਾਂ ਨੂੰ ਹੀ ਸਮਰਪਿਤ ਹੋਵੇਗੀ। ਫਿਰ ਵਰਲਡ ਕਬੱਡੀ ਕੱਪ ਵਿਚ ਭਾਰਤੀ ਕਬੱਡੀ ਟੀਮ ਦੀ ਕਪਤਾਨ ਬੀਬੀ ਰਾਮ ਭਟੇਰੀ ਦਾ ਮਾਨ ਸਨਮਾਨ ਕੀਤਾ ਗਿਆ। ਬੇਕਰਜ਼ਫੀਲਡ ਦੇ ਮੇਅਰ ਨੇ ਵਿਸਾਖੀ ਦੇ ਮੇਲੇ ਦੀਆਂ ਅੰਗਰੇਜ਼ੀ 'ਚ ਵਧਾਈਆਂ ਦਿੱਤੀਆਂ ਤਾਂ ਉਹਦੇ ਭਾਸ਼ਨ ਦਾ ਨਾਲ ਦੀ ਨਾਲ ਨਾਜ਼ਰ ਸਿੰਘ ਕੂਨਰ ਨੇ ਤਰਜਮਾ ਕਰਦਿਆਂ ਕਮਾਲ ਦਾ ਦੁਭਾਸ਼ੀਆ ਹੋਣ ਦਾ ਸਬੂਤ ਦਿੱਤਾ। ਜਿਵੇਂ ਅਕਸਰ ਹੁੰਦੈ, ਕਬੱਡੀ ਦੀਆਂ ਟੀਮਾਂ ਵਾਰ-ਵਾਰ ਆਵਾਜ਼ਾਂ ਮਰਵਾ ਕੇ ਮੜਕ ਨਾਲ ਮਿਥੇ ਸਮੇਂ ਤੋਂ ਪਛੜ ਕੇ ਨਿਕਲਦੀਆਂ ਰਹੀਆਂ ਜਿਸ ਕਰਕੇ ਮੈਚ ਸ਼ਾਮ ਦੇ ਅੱਠ ਵਜੇ ਮਸੀਂ ਮੁੱਕੇ। ਤਦ ਤਕ ਨਾਲ ਲੱਗਦੇ 'ਪੈਰਾਡਾਈਜ਼ ਪੈਲਸ' ਵਿਚ ਕੰਵਰ ਗਰੇਵਾਲ ਦਾ ਗਾਉਣ ਲੱਗ ਚੁੱਕਾ ਸੀ। ਗਿੱਧੇ ਭੰਗੜੇ ਪਹਿਲਾਂ ਪੈ ਚੁੱਕੇ ਸਨ। ਕਬੱਡੀ ਦਾ ਸਾਰਾ ਮੇਲਾ ਫੇਰ ਉਧਰ ਨੂੰ ਉਮ੍ਹਲ ਪਿਆ ਤੇ ਵਿਸ਼ਾਲ ਪੈਲਸ ਨੱਕੋ-ਨੱਕ ਭਰ ਗਿਆ।

ਸਟੇਜ ਕਾਫੀ ਵੱਡਾ ਸੀ ਜਿਸ ਉਤੇ ਅੱਠ ਦਸ ਸਾਜ਼ੀ ਸਾਜ਼ ਵਜਾ ਰਹੇ ਸਨ। ਪਿੱਛੇ ਬੈਨਰ ਉਤੇ ਵੱਡੇ ਅੱਖਰਾਂ ਵਿਚ 'ਵਿਸਾਖੀ ਮੇਲਾ' ਲਿਖਿਆ ਹੋਇਆ ਸੀ ਅਤੇ ਪ੍ਰਬੰਧਕਾਂ ਦੇ ਨਾਂ ਉਚੇਚ ਨਾਲ ਲਿਖੇ ਹੋਏ ਸਨ। ਪੰਜਾਹ ਕੁ ਕਿੱਲੋ-ਗਰਾਮ ਦਾ ਕੰਵਰ ਗਰੇਵਾਲ ਕਬੱਡੀ ਖਿਡਾਰੀਆਂ ਨਾਲੋਂ ਅੱਧਾ ਕੁ ਲੱਗਦਾ ਸੀ ਪਰ ਡੇਢ ਦੋ ਹਜ਼ਾਰ ਸਰੋਤਿਆਂ ਨੂੰ ਕੀਲੀ, ਮਸਤੀ 'ਚ ਝੂੰਮਦਾ ਹੋਇਆ ਗਾ ਰਿਹਾ ਸੀ। ਹਾਲ ਦੇ ਅਗਲੇ ਹਿੱਸੇ ਵਿਚ ਚਾਲੀ ਕੁ ਟੇਬਲ ਸਨ ਜਿਥੇ ਮਹਿੰਗੀਆਂ ਟਿਕਟਾਂ ਵਾਲੇ ਸਰੋਤੇ ਸੁਭਾਇਮਾਨ ਸਨ। ਕੰਵਰ ਦੇ ਗੀਤਾਂ ਨਾਲ ਨੌਜੁਆਨਾਂ ਤੇ ਬੱਚਿਆਂ ਨੇ ਤਾਂ ਝੂੰਮਣਾ ਹੀ ਸੀ ਸਜੀਆਂ ਧਜੀਆਂ ਸੁਆਣੀਆਂ ਵੀ ਝੂੰਮ ਰਹੀਆਂ ਸਨ। ਹਾਲ ਦੇ ਪਿਛਲੇ ਅੱਧ ਵਿਚ ਸਰੋਤਿਆਂ ਦਾ ਧੱਕਾ ਪੈ ਰਿਹਾ ਸੀ ਜਿਥੇ ਨੌਜੁਆਨ ਭੰਗੜਾ ਪਾਉਂਦੇ ਮੱਘੇ ਕੱਢ ਰਹੇ ਸਨ। ਕੈਲੇਫੋਰਨੀਆ ਵਿਚ ਕੰਵਰ ਗਰੇਵਾਲ ਦਾ ਉਹ ਆਖਰੀ ਸ਼ੋਅ ਸੀ। ਸਕਰੀਨ 'ਤੇ ਵਿਸਾਖੀ ਮੇਲੇ ਦੇ ਪ੍ਰਬੰਧਕਾਂ ਅਤੇ ਮੈਂਬਰਾਂ ਦੇ ਨਾਂ ਦੀ ਰੀਲ ਚੱਲੀ ਜਾਂਦੀ ਸੀ। ਮਸ਼ਹੂਰੀ ਕਰਾਉਣ ਦਾ ਵੀ ਆਪਣਾ ਹੀ ਸਰੂਰ ਹੁੰਦੈ!

ਕੰਵਰ ਗਾਉਂਦਾ-ਗਾਉਂਦਾ ਸਟੇਜ ਤੋਂ ਹੇਠਾਂ ਉੱਤਰ ਆਇਆ ਸੀ ਅਤੇ ਮੇਜ਼ਾਂ ਉਤੇ ਚੜ੍ਹ ਕੇ ਗਾਉਂਦਾ ਪੋਲੇ-ਪੋਲੇ ਪੈਰ ਚੁੱਕਦਾ ਨੱਚ ਰਿਹਾ ਸੀ। ਪਤਲੀਆਂ ਲੱਤਾਂ, ਲੰਮੀ ਦਾੜ੍ਹੀ, ਲਾਲ ਡੱਬੀਦਾਰ ਲੁੰਗੀ, ਲਾਲ ਕਮੀਜ਼ ਤੇ ਲਾਲ ਹੀ ਪੱਗ। ਮੋਢੇ ਉਤੋਂ ਦੀ ਹਰੇ ਪਰਨੇ ਦੀ ਬੁੱਕਲ ਸੀ। ਉਹ ਸਾਡੇ ਮੇਜ਼ 'ਤੇ ਵੀ ਚੜ੍ਹਿਆ ਤੇ ਨੱਚਣ ਗਾਉਣ ਲੱਗਾ: ਖਿੱਚ ਕਿਸਾਨਾਂ ਖਿੱਚ ਤਿਆਰੀ, ਪੇਚਾ ਪੈ ਗਿਆ ਸੈਂਟਰ ਨਾਲ, ਅਕਲਾਂ ਵਾਲਿਓ ਚੱਕ ਲਓ ਕਲਮਾਂ, ਮਾਰ ਦੇਣਗੀਆਂ ਰਫਲਾਂ ਸਾਨੂੰ, ਫਸਲਾਂ ਦੇ ਫੈਸਲੇ ਕਿਸਾਨ ਕਰੇਗਾ, ਕਿਸਾਨ ਮਜਦੂਰ ਏਕਤਾ ਜ਼ਿੰਦਾਬਾਦ, ਬੋਲੇ ਸੋ ਨਿਹਾਲ। ਛੱਲਾ ਨੌਂ ਨੌਂ ਥੇਵੇ। ਨਾ ਜਾਈਂ ਮਸਤਾਂ ਦੇ ਡੇਰੇ ਮਸਤ ਬਣਾ ਲੈਣਗੇ ਬੀਬਾ, ਨੱਚਣ ਲਾ ਲੈਣਗੇ ਬੀਬਾ... ਏਕ ਪਿਤਾ ਏਕਸ ਕੇ ਹਮ ਬਾਰਿਕ, ਨੱਚ ਸੋਹਣਿਆਂ ਤੂੰ ਬੰਨ੍ਹ-ਬੰਨ੍ਹ ਘੇਰੇ...।

ਕੋਈ ਕਬੱਡੀ ਖਿਡਾਰੀ ਮੇਜ਼ 'ਤੇ ਭੰਗੜਾ ਪਾਉਣ ਲੱਗ ਜਾਂਦਾ ਤਾਂ ਮੇਜ਼ ਟੁੱਟ ਸਕਦਾ ਸੀ ਪਰ ਕੰਵਰ ਗਰੇਵਾਲ ਦੇ ਭਾਰ ਨਾਲ ਮੇਜ਼ ਲਿਫ ਵੀ ਨਹੀ ਸੀ ਰਿਹਾ। ਮੈਂ ਨੋਟ ਕੀਤਾ ਉਹ ਪੱਬ ਹੀ ਪੰਛੀਆਂ ਵਾਂਗ ਪੋਲੇ-ਪੋਲੇ ਧਰ ਰਿਹਾ ਸੀ। ਇੰਜ ਉਹ ਕਈ ਮੇਜ਼ਾਂ 'ਤੇ ਨੱਚਦਾ ਗਾਉਂਦਾ ਸਰੋਤਿਆਂ ਨੂੰ ਬਾਗੋਬਾਗ ਕਰਦਾ ਗਿਆ। ਤਦੇ ਮੂਹਰਲੇ ਮੇਜ਼ 'ਤੇ ਬੈਠੇ ਚਰਨਜੀਤ ਸਿੰਘ ਬਾਠ ਨੇ ਚੈੱਕ ਬੁੱਕ ਕੱਢੀ ਤੇ ਸੁੱਖੀ ਘੁੰਮਣ ਦੀ ਸਲਾਹ ਨਾਲ ਡਾਲਰਾਂ ਦੀ ਖੁੱਲ੍ਹੀ ਰਕਮ ਭਰ ਕੇ ਕੰਵਰ ਗਰੇਵਾਲ ਦੇ ਸਿਰ ਤੋਂ ਵਾਰ ਦਿੱਤੀ। ਮੇਅਰ ਸ੍ਰੀਮਤੀ ਕੈਰਨ ਗੋਅ ਤੇ ਕੰਵਰ ਗਰੇਵਾਲ ਨੇ ਮੇਲੇ ਦੇ ਨੌਜੁਆਨ ਪ੍ਰਬੰਧਕ ਸਿਮਰਨ ਦਿਓਲ ਨੂੰ ਬੇਕਰਜ਼ਫੀਲਡ ਵਿਚ ਕਿਸਾਨ ਮੋਰਚਾ ਲਾਉਣ ਅਤੇ ਸਮਾਪਤੀ ਤੱਕ ਇਸ ਦੀ ਅਗਵਾਈ ਕਰਨ ਲਈ ਟਰਾਫੀ ਨਾਲ ਸਨਮਾਨਿਤ ਕੀਤਾ। ਸਿਮਰਨ ਨੇ ਬੇਕਰਜ਼ਫੀਲਡ ਦੀ ਸੰਗਤ ਅਤੇ ਆਪਣੇ ਸਾਥੀਆਂ ਦਾ ਕਿਸਾਨ ਮੋਰਚੇ ਵਿਚ ਸਾਥ ਦੇਣ ਲਈ ਉਚੇਚਾ ਧੰਨਵਾਦ ਕੀਤਾ। ਕਬੱਡੀ ਨਾਲ ਗਾਉਣ ਤੇ ਗਾਉਣ ਨਾਲ ਕਬੱਡੀ, ਵਿਸਾਖੀ ਮੇਲੇ ਦੇ ਦੋਵੇਂ ਪੱਖ ਸਫਲ ਰਹੇ। ਲੱਗਦੈ ਬੇਕਰਜ਼ਫੀਲਡ ਦੇ ਏਹੋ ਸੱਜਣ ਮਿੱਤਰ ਅਗਲੇ ਸਾਲ ਵੀ ਵਿਸਾਖੀ ਮੇਲੇ ਦੀਆਂ ਰੌਣਕਾਂ ਲਾਉਣਗੇ ਤੇ ਕੱਬਡੀ ਟੂਰਨਾਮੈਂਟ ਵਿਚ ਇਰਾਨ ਦੇ ਦਰਸ਼ਨੀ ਖਿਡਾਰੀ ਖਿਡਾ ਕੇ ਹੋਰ ਵੀ ਧੰਨ-ਧੰਨ ਕਰਾਉਣਗੇ।

# ਈਦ-ਉਲ-ਅਜ਼ਹਾ' ਦਾ ਤਿਓਹਾਰ ਮਨਾਇਆ





ਬਰੈਂਪਟਨ, (ਡਾ. ਝੰਡ) - ਟੋਰਾਂਟੋ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਵਿਚ ਵੱਸਦੇ ਮੁਸਲਿਮ ਭਾਈਚਾਰੇ ਨੇ ਮਿਲ ਕੇ ਈਦ-ਉਲ-ਅਜ਼ਹਾ ਦਾ ਤਿਓਹਾਰ ਬੜੇ ਜੋਸ਼ 'ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਉਨ੍ਹਾਂ ਵੱਲੋਂ ਨੇੜਲੀਆਂ ਮਸਜਿਦਾਂ ਵਿਚ ਜਾ ਕੇ ਨਮਾਜ਼ ਅਦਾ ਕੀਤੀ ਗਈ ਅਤੇ ਇਸ ਪਵਿੱਤਰ ਦਿਨ ਨਾਲ ਸਬੰਧਿਤ ਤਿਆਰ ਕੀਤੀਆਂ ਗਈਆਂ ਖਾਣ-ਪੀਣ ਦੀਆਂ ਵਸਤਾਂ ਤੇ ਪਦਾਰਥਾਂ ਨੂੰ ਇਕ ਦੂਸਰੇ ਨਾਲ ਸਾਂਝੇ ਕਰਦਿਆਂ ਹੋਇਆਂ ਧਾਰਮਿਕ ਅਤੇ ਸਮਾਜਿਕ ਏਕਤਾ ਦਾ ਸ਼ਾਨਦਾਰ ਸਬੂਤ ਦਿੱਤਾ।

ਇਸ ਮੌਕੇ ਅਹਿਮਦੀਆ ਜਮਾਤ ਵੱਲੋਂ ਮਿਸੀਸਾਗਾ ਦੇ ਇੰਟਰਨੈਸ਼ਨਲ ਸੈਂਟਰ ਦੇ ਹਾਲ ਨੰਬਰ 5 ਵਿਚ ਵੱਡੀ ਗਿਣਤੀ ਵਿਚ ਇਕੱਤਰ ਹੋ ਕੇ ਇਹ ਪਵਿੱਤਰ ਦਿਹਾੜਾ ਮਨਾਇਆ ਗਿਆ। ਜਨਾਬ ਅਬਦੁਲ ਹਲੀਮ ਤਈਅਬ, ਜਨਾਬ ਮਕਸੂਦ ਚੌਧਰੀ, ਡਾ. ਮੁਹੰਮਦ ਅਯੂਬ, ਜਨਾਬ ਮੁਖ਼ਤਾਰ ਚੀਮਾ, ਮੁਨੀਰ ਖ਼ੁਰਸ਼ੀਦ, ਮੀਆਂ ਸੱਜਾਦ ਸ਼ਕੀਲ ਤੇ ਕਈ ਹੋਰਨਾਂ ਵੱਲੋਂ ਇਸ ਸਮਾਗ਼ਮ ਵਿਚ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਮੁਸਲਿਮ ਭਾਈਚਾਰੇ ਦੇ ਸਾਰੇ ਹੀ ਲੋਕਾਂ ਵੱਲੋਂ ਮਿਲ ਕੇ ਇਹ ਤਿਓਹਾਰ ਬੜੇ ਹੀ ਚਾਵਾਂ ਨਾਲ ਮਨਾਇਆ ਗਿਆ।

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।

RSFO

Ramgarhia Sikh Foundation of Ontario
9th International Award 2022

Dedicated to the 299th Birth Anniversary of Maharaja Jassa Singh Ramgarhia

YOU ARE CORDIALLY INVITED

| | |
|---|---|
| Appetizers | 10am to 11am |
| Speeches | 11am to 1pm |
| Lunch | 1pm to 2pm |
| Presentation of Awards | 2pm to 4pm |
| Cultural Program | 4pm to 5pm |

Date: Sunday 17 July 2022
Time: 10am to 6pm
Century Gardens Recreations Complex (Auditorium 1)
340 Vodden Street East, Brampton, ON, L6V 2N2

Daljit S. Gaidhu, Chairman, 416-305-9878 | Jasbir S. Sehmbi, Vice Chairman, 437-774-1410 | Manjit S. Bhachu, President, 416-275-2374 | Jarnail S. Matharu, Event President, 416-409-6207 | Hardial S. Jheeta, Gen. Secretary, 647-409-8915

Address: 7956 Torbram Road #40, Bldg-B, Brampton, ON, L6T 5A2, Canada

ਦੋਨੋ ਪ੍ਰੋਗਰਾਮਾਂ ਲਈ ਸੀਟ ਰਾਖਵੀਂ ਰੱਖਣ ਵਾਸਤੇ ਸੰਪਰਕ ਕਰੋ
(416) 305-9878, (416) 409-6207

4TH INTERNATIONAL SARAB SANJHA KAVI DARBAR
ਚੌਥਾ ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ - 2022

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ
400 ਸਾਲਾ ਸ਼ਤਾਬਦੀ ਨੂੰ ਸਮਰਪਿਤ

Date: 24 July 2022
Time: 10am to 6pm
Venue: Century Gardens Recreation Complex (Auditorium-1), 340 Vodden Street East, Brampton, ON, L6V 2N2

| | |
|---|---|
| Welcome Of Guests | 22 July 2022 |
| Registration | 23 July 2022 |
| Kavi Darbar | 24 July 2022 |

Program


| | |
|---|---|
| Appetizers | 10am to 11am |
| Kavi Darbar Session 1 | 11am to 1pm |
| Lunch | 1pm to 2pm |
| Kavi Darbar Session 2 | 2pm to 4pm |
| Awards and Cultural Program | 4pm to 6pm |

Daljit S. Gaidhu (Chairman)
International Sarab Sanjha Kavi Darbar, Canada

Address: 7956 Torbram Road #40, Bldg-B, Brampton, ON, L6T 5A2, Canada
Contact: (416) 305-9878 Email: int.sskd@gmail.com

# ਲੜਾਈ ਗੈਂਗਾਂ ਤੇ ਗੈਂਗਸਟਰਾਂ ਵਿਰੁੱਧ ਹੋਵੇ ਜਾਂ ਭ੍ਰਿਸ਼ਟਾਚਾਰ ਦੇ, ਇਹ ਕੰਮ ਏਨਾ ਸੌਖਾ ਨਹੀਂ





ਜਤਿੰਦਰ ਪੰਨੂ

ਜੁਲਾਈ ਦੇ ਦੂਸਰੇ ਹਫਤੇ ਨਾਲ ਪੰਜਾਬ ਵਿੱਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੀ ਉਮਰ ਦੇ ਪਹਿਲੇ ਚਾਰ ਮਹੀਨੇ ਨਹੀਂ, ਆਪਣੀ ਪੰਜ ਸਾਲਾ ਮਿਆਦ ਦਾ ਪੰਦਰਵਾਂ ਹਿੱਸਾ ਗੁਜ਼ਾਰ ਚੁੱਕੀ ਹੈ। ਇਸ ਦੌਰਾਨ ਕੁਝ ਚੰਗਾ ਵੀ ਇਸ ਨੇ ਕੀਤਾ ਸੁਣਿਆ ਜਾਂਦਾ ਰਿਹਾ, ਕੁਝ ਗੱਲਾਂ ਵਿੱਚ ਇਸ ਦੀ ਨੁਕਤਾਚੀਨੀ ਵੀ ਹੁੰਦੀ ਰਹੀ ਅਤੇ ਹਾਲੇ ਤੱਕ ਹੁੰਦੀ ਹੈ, ਜਿਹੜੀ ਸਮੇਂ ਦੇ ਨਾਲ-ਨਾਲ ਵਧਦੀ ਜਾਣੀ ਹੈ। ਵਿਰੋਧੀ ਧਿਰਾਂ ਨੂੰ ਨੁਕਤਾਚੀਨੀ ਕਰਨ ਦਾ ਹੱਕ ਵੀ ਹੈ ਤੇ ਜ਼ਿੰਮੇਵਾਰੀ ਵੀਉਨ੍ਹਾਂ ਦੀ ਹੈ ਕਿ ਸਮੇਂ ਦੀ ਸਰਕਾਰ ਨੂੰ ਚੋਭਾਂ ਲਾਉਂਦੇ ਰਹਿਣ, ਤਾਂ ਜੁ ਇੱਕ ਪਾਸੇ ਆਮ ਲੋਕਾਂ ਵਿੱਚ ਸਰਕਾਰ ਮਾੜੀ ਕਹਿ ਕੇ ਆਪਣੇ ਲਈ ਆਧਾਰ ਬਣਾ ਸਕਣ ਤੇ ਇਸ ਤੋਂ ਬਿਨਾਂ ਲੋਕਤੰਤਰ ਵਿੱਚ ਰਾਜ ਕਰਦੀ ਧਿਰ ਨੂੰ ਸੁਚੇਤ ਕਰਨਾ ਵੀ ਵਿਰੋਧੀ ਧਿਰ ਦੀ ਅਹਿਮ ਜ਼ਿਮੇਵਾਰੀ ਹੁੰਦੀ ਹੈ, ਵਰਨਾਹ-ਾਕਮ ਧਿਰ ਬੇਲਗਾਮ ਹੋ ਸਕਦੀ ਹੈ। ਇਸ ਗੱਲੋਂ ਤਸੱਲੀ ਕੀਤੀ ਜਾ ਸਕਦੀ ਹੈ ਕਿ ਜੇ ਸਰਕਾਰ ਕਹਿੰਦੀ ਹੈ ਕਿ ਉਹ ਕੰਮ ਕਰ ਰਹੀ ਹੈ ਤਾਂ ਵਿਰੋਧੀ ਧਿਰ ਵੀ ਸੁੱਤੀ ਨਹੀਂ।

ਜਿੱਥੋਂ ਤੱਕ ਨਵੀਂ ਬਣੀ ਸਰਕਾਰ ਦੀਆਂਚੁਣੌਤੀਆਂ ਦਾ ਸੰਬੰਧ ਹੈ, ਅਸੀਂ ਇਸ ਵਹਿਮ ਵਿੱਚ ਨਹੀਂ ਕਿ ਇਹ ਸਭ ਕੁਝ ਕਰ ਵਿਖਾਵੇਗੀ, ਕਈ ਮੁੱਦੇ ਇਹੋ ਜਿਹੇ ਹੋਇਆ ਕਰਦੇ ਹਨ, ਜਿਨ੍ਹਾਂ ਦਾ ਹੱਲ ਰਾਜ ਸਰਕਾਰ ਚਲਾਉਣ ਵਾਲੀ ਧਿਰ ਦੇ ਵੱਸ ਵਿੱਚ ਨਹੀਂ ਹੁੰਦੇ, ਪਰ ਕੁਝ ਮੁੱਦੇ ਉਹ ਹੱਲ ਕਰ ਸਕਦੀ ਹੈ। ਸਰਕਾਰ ਦਾ ਦਾਅਵਾ ਹੈ ਕਿ ਉਹ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਦਾ ਖਾਤਮਾ ਕਰ ਦੇਵੇਗੀ, ਇਸ ਬਾਰੇ ਗੱਲ ਅਸੀਂ ਬਾਅਦ ਵਿੱਚ ਕਰ ਸਕਦੇ ਹਾਂ, ਪਹਿਲਾਂ ਹਾਕਮ ਧਿਰ ਦੇ ਇਸ ਦਾਅਵੇ ਦੀ ਗੱਲ ਕਰਨੀ ਬਣਦੀ ਹੈ ਕਿ ਉਹ ਇਸ ਰਾਜ ਵਿੱਚ ਗੈਂਗਾਂ ਅਤੇ ਗੈਂਗਸਟਰਾਂ ਨੂੰ ਨੱਥ ਪਾ ਦੇਵਗੀ ਅਤੇ ਅਮਨ-ਕਾਨੂੰਨ ਨੂੰ ਕੋਈ ਚੁਣੌਤੀ ਨਹੀਂ ਰਹੇਗੀ। ਅਸੀਂ ਇਸ ਨੂੰ ਇਹੋ ਜਿਹਾ ਸੁਫਨਾ ਸਮਝਦੇ ਹਾਂ, ਜਿਸ ਦੇ ਸਿਰੇ ਲੱਗਣ ਦੀ ਆਸ ਸਿਰਫ ਇੱਕ ਰਾਜ ਦੀ ਸਰਕਾਰ ਨਹੀਂ ਬੰਨ੍ਹਾ ਸਕਦੀ। ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਉਸ ਦੇ ਬਾਅਦ ਹੁੰਦੀ ਜਾਂਚ ਦੇ ਲੰਮੇ ਖਿਲਾਰੇ ਤੋਂ ਇਸ ਦਾਅਵੇ ਦੀ ਕਚਿਆਈ ਦਾ ਪਤਾ ਲੱਗ ਸਕਦਾ ਹੈ।

ਸਿੱਧੂ ਮੂਸੇਵਾਲਾ ਦਾ ਕਤਲ ਹੋਣ ਪਿੱਛੋਂ ਪੰਜਾਬ ਪੁਲਸ ਨੇ ਆਪਣੀ ਥਾਂ ਜਾਂਚ ਕਰਨੀ ਸ਼ੁਰੂ ਕੀਤੀ ਤੇ ਉਹ ਗਵਾਂਢੀ ਰਾਜ ਹਰਿਆਣਾ ਵਿੱਚ ਰਹਿੰਦੇ ਵੱਡੇ ਸ਼ੂਟਰ ਪ੍ਰਿਆਵਰਤ ਫੌਜੀ ਦੇ ਘਰ ਤੱਕ ਜਾ ਪੁੱਜੀ ਤਾਂ ਪੰਜਾਬ ਦੇ ਨਾਲ ਹਰਿਆਣਾ ਦੀ ਪੁਲਸ ਵੀ ਜਾਂਚ ਵਿੱਚ ਜੁੜ ਗਈ। ਇਸ ਦੌਰਾਨ ਦਿੱਲੀ ਪੁਲਸ ਨੇ ਲਾਰੈਂਸ ਬਿਸ਼ਨੋਈ ਦਾ ਇੱਕ ਚਾਟੜਾ ਫੜ ਲਿਆ ਅਤੇ ਉਸ ਤੋਂ ਖੁਲਾਸਾ ਹੋ ਗਿਆ ਕਿ ਐਕਟਰ ਸਲਮਾਨ ਖਾਨ ਨੂੰ ਮਾਰਨ ਦੀ ਸਾਜ਼ਿਸ਼ ਵੀ ਉਹੋ ਗੈਂਗ ਬਣਾ ਰਿਹਾ ਸੀ, ਜਿਸ ਨੇ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਸੀ। ਇਸ ਨਾਲ ਤੀਸਰਾ ਰਾਜ ਦਿੱਲੀ ਇਸ ਵਿੱਚ ਆ ਗਿਆ। ਜਾਂਚ ਹੋਰ ਅੱਗੇ ਵਧੀ ਤਾਂ ਪਤਾ ਲੱਗਾ ਕਿ ਕਤਲ ਕਰਨ ਵਾਲੇ ਕੁਝਸ਼ੂਟਰ ਮਹਾਰਾਸ਼ਟਰ ਦੇ ਵੱਡੇ ਗੈਂਗਸਟਰ ਅਰੁਣ ਗਾਵਲੀ ਤੋਂ ਉਧਾਰੇ ਲਏ ਸਨ, ਜਿਹੜਾ ਅੱਜਕੱਲ੍ਹ ਪੁਣੇ ਦੀ ਜੇਲ੍ਹ ਵਿੱਚ ਹੈ। ਇਸ ਖੁਲਾਸੇ ਨਾਲ ਚੌਥੇ ਰਾਜ ਮਹਾਰਾਸ਼ਟਰ ਦੀ ਪੁਲਸ ਇਸ ਵਿੱਚ ਆ ਗਈ। ਪੰਜਾਬ ਤੋਂ ਭੱਜਿਆ ਕਾਤਲਾਂ ਦਾ ਇੱਕ ਸਾਥੀ ਉੱਤਰਾ ਖੰਡ ਤੋਂ ਫੜੇ ਜਾਣ ਨਾਲ ਉਸ ਪੰਜਵੇਂ ਰਾਜ ਦੀ ਪੁਲਸ ਵੀ ਸ਼ਾਮਲ ਹੋ ਗਈ ਅਤੇ ਫਿਰ ਇੱਕ ਕਾਤਲ ਰਾਜਸਥਾਨ, ਇੱਕ ਉੱਤਰ ਪ੍ਰਦੇਸ਼ ਅਤੇ ਉਨ੍ਹਾਂ ਨੂੰ ਮੋਬਾਈਲ ਦੇ ਸਿੰਮ ਦੇਣ ਵਾਲਾ ਬੰਦਾ ਗੁਜਰ-ਾਤ ਦਾ ਹੋਣ ਕਾਰਨ ਓਥੋਂ ਦੀ ਪੁਲਸ ਮਿਲਾ ਕੇ ਅੱਠ ਰਾਜਾਂ ਦੀ ਪੁਲਸ ਇਸ ਕਤਲ ਕੇਸ ਦੀ ਜਾਂਚ ਵਿੱਚ ਸ਼ਾਮਲ ਹੋ ਗਈਆਂ। ਅੱਗੋਂ ਇਹ ਕੇਸ ਜਿਸ ਵੱਡੇ ਖਿਲਾਰੇ ਦਾ ਅੰਸ਼ ਦਿਖਾਈ ਦੇ ਰਿਹਾ ਹੈ, ਭਾਰਤ ਦੇ ਕਿੰਨੇ ਹੋਰ ਰਾਜਾਂ ਵਾਲੀ ਪੁਲਸ ਇਸ ਵਿੱਚ ਸ਼ਾਮਲ ਹੋ ਸਕਦੀ ਹੈ, ਅੱਜ ਦੀ ਘੜੀ ਇਹ ਕਹਿਣਾ ਕਿਸੇ ਲਈ ਵੀ ਔਖਾ ਹੈ। ਸਾਨੂੰ ਇੱਕ ਤੇਈ ਸਾਲ ਪੁਰਾਣੀ ਘਟਨਾ ਯਾਦ ਹੈ। ਪੰਜਾਬ ਦੇ ਕੁਝ ਮੁੰਡਿਆਂ ਨੇ ਹਰਿਆਣੇ ਦੇ ਇੱਕ ਕਾਰੋਬਾਰੀ ਨੂੰ ਚੰਡੀਗੜ੍ਹ ਤੋਂ ਅਗਵਾ ਕੀਤਾ ਸੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਰੱਖਿਆ ਸੀ। ਇਸ ਤਰ੍ਹਾਂ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਦੇ ਚਾਰ ਰਾਜ ਬਣ ਗਏ। ਉਸ ਦੀ ਫਿਰੌਤੀ ਲਈ ਗੱਲਬਾਤ ਮੁੰਬਈ ਵਿੱਚ ਹੋਈ, ਪੈਸਿਆਂ ਦਾ ਭੁਗਤਾਨ ਬੰਗਲੌਰ ਵਿੱਚ ਹੋਇਆ ਅਤੇ ਬੰਦਾ ਪਟਨੇ ਵਿੱਚ ਛੱਡੇ ਜਾਣ ਨਾਲ ਮਹਾਰਾਸ਼ਟਰ, ਕਰਨਾਟਕ ਅਤੇ ਬਿਹਾਰ ਦੇ ਤਿੰਨ ਹੋਰ ਰਾਜ ਇਸ ਕੇਸ ਵਿੱਚ ਉਲਝ ਗਏ। ਸੱਤ ਰਾਜਾਂ ਵਿੱਚ ਇਸ ਘਟਨਾ ਦੀ ਪੈੜ ਜਾਂਦੀ ਸੀ ਤੇ ਪਰਚਾ ਕਿਸੇ ਇੱਕ ਰਾਜ ਵਿੱਚ ਵੀ ਦਰਜ ਨਹੀਂ ਸੀ ਹੋਇਆ, ਕਿਉਂਕਿ ਹਰ ਥਾਂ ਦੀ ਪੁਲਸ ਦੂਸਰਿਆਂ ਨੂੰ ਕੇਸ ਦਰਜ ਕਰਨ ਨੂੰ ਕਹਿੰਦੀ ਸੀ ਤਾਂ ਕਿ ਉਸ ਦੇ ਆਪਣੇ ਰਾਜ ਦੇ ਜੁਰਮਾਂ ਦੇ ਰਿਕਾਰਡ ਦਾ ਵਾਧਾ ਨਾ ਗਿਣਿਆ ਜਾਵੇ। ਓਦੋਂ ਪੰਜਾਬ ਵਿੱਚ ਅਕਾਲੀ-ਭਾਜਪਾ ਰਾਜ ਸੀ, ਹਰਿਅਣੇ ਵਿੱਚ ਇਨੈਲੋ ਪਾਰਟੀ ਦਾ ਤੇ ਜਿਸ ਚੰਡੀਗੜ੍ਹ ਤੋਂ ਬੰਦਾ ਅਗਵਾ ਹੋਇਆ, ਉਹ ਕੇਂਦਰ ਦੀ ਸਰਕਾਰ ਵਾਜਪਾਈ ਸਾਹਿਬ ਦੇ ਕੰਟਰੋਲ ਵਿੱਚ ਸੀ। ਜਿੱਥੇ ਹਿਮਾ-ਚਲ ਪ੍ਰਦੇਸ਼ ਵਿੱਚ ਬੰਦਾ ਰੱਖਿਆ ਸੀ, ਓਥੇ ਭਾਜਪਾ ਦੀ ਸਰਕਾਰ ਸੀ ਤੇ ਜਿਸ ਮੁੰਬਈ ਵਿੱਚ ਸੌਦਾ ਮਾਿ-ਰਆ, ਓਥੇ ਕਾਂਗਰਸ ਰਾਜ ਕਰਦੀ ਸੀ, ਪੈਸੇ ਦੇ ਭੁਗਤਾਨ ਵਾਲੇ ਕਰਨਾਟਕ ਵਿੱਚ ਵੀ ਕਾਂਗਰਸ ਦਾ ਰਾਜ ਸੀ ਤੇ ਜਿੱਥੇ ਬੰਦਾ ਛੱਡਿਆ ਗਿਆ ਸੀ, ਉਸ ਪਟਨੇ ਵਿੱਚ ਲਾਲੂ ਪ੍ਰਸਾਦ ਦੀ ਪਤਨੀ ਰਾਬੜੀ ਦੇਵੀ ਰਾਜ ਕਰਦੀ ਸੀ। ਸਾਰੇ ਰੰਗਾਂ ਵਾਲੀਆਂ ਪਾਰਟੀਆਂ ਨੇ ਆਪੋ-ਆਪਣੇ ਰਾਜ ਵਿੱਚ ਕੇਸ ਨਹੀਂ ਸੀ ਦਰਜ ਹੋਣ ਦਿੱਤਾ।

ਅੱਜ ਜਦੋਂ ਇੱਕ ਵਾਰ ਫਿਰ ਸਿੱਧੂ ਮੂਸੇਵਾਲਾ ਕੇਸ ਦੀਆਂ ਤੰਦਾਂ ਇੱਕੋ ਵੇਲੇ ਅੱਠ ਰਾਜਾਂ ਤੱਕ ਜਾ ਜੁੜੀਆਂ ਹਨ ਤੇ ਅਜੇ ਹੋਰ ਪਤਾ ਨਹੀਂ ਕਿੰਨੇ ਰਾਜਾਂ ਤੱਕ ਚਲੇ ਜਾਣਗੀਆਂ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਦਾਅਵੇ ਕਰਨੇ ਹੋਰ ਗੱਲ ਹੈ ਤੇ ਗੈਂਗਾਂ ਜਾਂ ਗੈਂਗਸਟਰਾਂ ਨੂੰ ਖੂੰਜੇ ਲਾਉਣਾ ਹੋਰ ਗੱਲ। ਭਾਰਤ ਵਿੱਚ ਇੰਟਰ-ਸਟੇਟ ਗੈਂਗ ਇਸ ਹੱਦ ਤੱਕ ਫੈਲ ਚੁੱਕੇ ਹਨ ਤੇ ਏਦਾਂ ਆਪਸੀ ਤਾਲਮੇਲ ਨਾਲ ਚੱਲਦੇ ਹਨ ਕਿ ਉਨ੍ਹਾਂ ਨੂੰ ਨੱਥ ਪਾਉਣ ਲਈ ਵੀ ਓਸੇ ਤਾਲਮੇਲ ਦੀ ਲੋੜ ਹੈ। ਸਮੁੱਚੇ ਦੇਸ਼ ਵਿੱਚ ਜਿਹੋ ਜਿਹਾ ਮਾਹੌਲ ਹੈ, ਇੱਕ ਰਾਜ ਦੀ ਸਰਕਾਰ ਦੂਸਰੇ ਰਾਜ ਨਾਲ ਅਤੇ ਇਸ ਤੋਂ ਅੱਗੇ ਕੇਂਦਰੀ ਸਰਕਾਰ ਦੇ ਨਾਲ ਬਹੁਤੇ ਰਾਜਾਂ ਦਾ ਤਾਲਮੇਲ ਠੀਕ ਨਹੀਂ। ਇਸ ਲਈ ਇਸ ਸਾਂਝੀ ਕਾਰਵਾਈ ਦੀ ਬਹੁਤੀ ਆਸ ਨਹੀਂ ਰਹਿੰਦੀ।

ਬਾਕੀ ਰਹਿ ਗਈ ਗੱਲ ਭ੍ਰਿਸ਼ਟਾਚਾਰ ਖਤਮ ਕਰਨ ਦੀ, ਪੰਜਾਬ ਸਰਕਾਰ ਦਾ ਮੁਖੀ ਜੋ ਵੀ ਕਹੀ ਜਾਵੇ, ਪੰਜਾਬ ਦੇ ਲੋਕ ਇਸ ਬਾਰੇ ਕਈ ਪੱਖ ਵੇਖਦੇ ਅਤੇ ਸੋਚਦੇ ਹਨ। ਪਿਛਲੇ ਦਿਨਾਂ ਵਿੱਚ ਕੁਝ ਵੱਡੇ ਅਫਸਰਾਂ ਦੀਆਂ ਨਿਯੁਕਤੀਆਂ ਨਾਲਲੋਕਾਂ ਨੂੰ ਸਰਕਾਰ ਬਾਰੇ ਗੱਲਾਂ ਕਰਨ ਦਾ ਮੌਕਾ ਮਿਲਿਆ ਹੈ। ਅੱਗੋਂ ਸੰਭਲ ਕੇ ਚੱਲਣ ਦੀ ਲੋੜ ਪਵੇਗੀ। ਆਮ ਲੋਕਾਂ ਵਿੱਚ ਇਸ ਸਰਕਾਰ ਬਾਰੇ ਸੰਗਰੂਰ ਲੋਕ ਸਭਾ ਉੱਪ ਚੋਣ ਦੀ ਹਾਰ ਹੋਣ ਦੇ ਬਾਵਜੂਦ ਹਾਲ ਦੀ ਘੜੀ ਵਿਰੋਧ ਦੀ ਭਾਵਨਾ ਓਨੀ ਨਹੀਂ, ਜਿੰਨੀ ਹੋਣ ਦਾ ਰੌਲਾ ਪੈਂਦਾ ਸੀ, ਪਰ ਅਗਲੇ ਦਿਨੀਂ ਜੇ ਸਰਕਾਰ ਸੰਭਲ ਕੇ ਨਾ ਚੱਲੀ ਤਾਂ ਇਹ ਭਾਵਨਾ ਵਧਣ ਲੱਗ ਸਕਦੀ ਹੈ। ਅਗਲੀਆਂ ਲੋਕ ਸਭਾ ਚੋਣਾਂ ਵਿੱਚ ਦੋ ਸਾਲਾਂ ਤੋਂ ਘੱਟ ਦਾ ਸਮਾਂ ਬਾਕੀ ਹੈ ਤੇ ਪੰਜਾਬ ਦਾ ਤਜਰਬਾ ਇਹ ਹੈ ਕਿ ਇੱਕ ਵਾਰੀ ਕੈਪਟਨ ਅਮਰਿੰਦਰ ਸਿੰਘ ਅਤੇ ਇੱਕ ਵਾਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀਆਂ ਸਰਕਾਰਾਂ ਬਣਨ ਦੇ ਦੋ ਸਾਲ ਬਾਅਦ ਦੋਵਾਂ ਧਿਰਾਂ ਨੂੰ ਤੇਰਾਂ ਵਿੱਚੋਂ ਗਿਆਰਾਂ ਸੀਟਾਂ ਉੱਤੇ ਹਾਰ ਵਾਲਾ ਵੱਡਾ ਝਟਕਾ ਲੱਗ ਗਿਆ ਸੀ। ਜਿਹੜੇ ਆਮ ਲੋਕਾਂ ਨੇ ਉਨ੍ਹਾਂ ਦੋਵਾਂ ਸਰਕਾਰਾਂ ਨੂੰ ਚਲਾਉਣ ਵਾਲੀਆਂ ਧੜਵੈਲ ਧਿਰਾਂ ਨੂੰ ਝਟਕਾ ਦਿੱਤਾ ਸੀ, ਉਨ੍ਹਾਂ ਦਾ ਚੇਤਾ ਰੱਖ ਕੇ ਸਰਕਾਰ ਨਾ ਚਲਾਈ ਗਈ ਤਾਂ ਉਹ ਇਹ ਤਜਰਬਾ ਦੁਹਰਾ ਵੀ ਸਕਦੇ ਹਨ। ਸਰਕਾਰ ਵਿਚਲੇ ਕੁਝ ਲੋਕ, ਸਿਆਸੀ ਵੀ ਤੇ ਅਫਸਰੀ ਜਮਾਤ ਵਾਲੇ ਵੀ, ਆਪਣੇ ਹਿੱਤਾਂ ਦਾ ਵੱਧ ਖਿਆਲ ਰੱਖਦੇ ਹਨ ਤੇ ਮੁੱਖ ਮੰਤਰੀ ਜਾਂ ਸਰਕਾਰ ਦੇ ਅਕਸ ਬਾਰੇ ਘੱਟ ਫਿਕਰਮੰਦ ਸੁਣੀਂਦੇ ਹਨ। ਲੜਦੀ ਫੌਜ ਤੇ ਨਾਂਅ ਸਰਦਾਰ ਦਾ ਵੱਜਦਾ ਹੁੰਦਾ ਹੈ, ਪਰ ਜਦੋਂ ਫੌਜ ਕੋਈ ਕੁਚੱਜ ਕਰੇਗੀ ਤਾਂ ਉਸ ਦੀ ਜ਼ਿੰਮੇਵਾਰੀ ਵੀ ਫੌਜ ਦੇ ਜਰਨੈਲ ਜਾਂ ਅਜੋਕੇ ਮੁੱਖ ਮੰਤਰੀ ਦੀ ਸਮਝੀ ਜਾਣੀ ਹੈ। ਇਹ ਗੱਲ ਅਜੋਕੇ ਮੁੱਖ ਮੰਤਰੀ ਨੂੰ ਚੇਤੇ ਰੱਖਣੀ ਪਵੇਗੀ, ਨਹੀਂ ਤਾਂ ਕੁਝ ਵੀ ਹੋ ਸਕਦਾ ਹੈ, ਕੁਝ ਵੀ।

# ਕਾਲਮਨਿਸਟਾਂ ਵਿੱਚ ਕਰੀਅਰ ਦੇ ਮੌਕੇ ਅਤੇ ਨੌਕਰੀ ਦੀਆਂ ਸੰਭਾਵਨਾਵਾਂ

ਕਾਲਮਨਵੀਸ ਇੱਕ ਅਖਬਾਰ ਵਿੱਚ ਇੱਕ ਨਿਯਮਤ ਕਾਲਮ ਲਈ ਕਾਪੀ ਲਿਖਦੇ ਜਾਂ ਸੰਪਾਦਿਤ ਕਰਦੇ ਹਨ। ਕਾਲਮਨਵੀਸ ਪਹਿਲਾਂ ਹੀ ਰਿਪੋਰਟ ਕੀਤੀਆਂ ਕਹਾਣੀਆਂ ਤੋਂ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਖੋਜਾਂ ਦੇ ਆਧਾਰ 'ਤੇ ਵਿਸ਼ਲੇਸ਼ਣ ਬਣਾਉਂਦਾ ਹੈ। ਨਿਯਮਤ ਰਿਪੋਰਟਰਾਂ ਦੇ ਉਲਟ, ਕਾਲਮਨਵੀਸ ਜ਼ਰੂਰੀ ਤੌਰ 'ਤੇ ਭਰੋਸੇਯੋਗ ਸਰੋਤਾਂ ਦੇ ਆਧਾਰ 'ਤੇ ਸਿੱਧੇ ਤੱਥ ਪੇਸ਼ ਨਹੀਂ ਕਰਦੇ। ਇਸ ਦੀ ਬਜਾਏ, ਕਾਲਮਨਵੀਸ ਆਪਣੇ ਵਿਚਾਰ ਪ੍ਰਗਟ ਕਰਨ ਲਈ ਆਪਣੀ ਆਵਾਜ਼ ਦੀ ਵਰਤੋਂ ਕਰਦੇ ਹਨ। ਉਹ ਜਨਤਕ ਹਿੱਤਾਂ ਦੀ ਜਾਣਕਾਰੀ ਸਾਂਝੀ ਕਰਦੇ ਹਨ ਅਤੇ ਆਪਣੇ ਪਾਠਕਾਂ ਨੂੰ ਵਿਚਾਰ ਪੇਸ਼ ਕਰਦੇ ਹਨ। ਆਮ ਤੌਰ 'ਤੇ, ਹਰੇਕ ਕਾਲਮ ਵਿੱਚ ਦਿਲਚਸਪੀ ਦਾ ਇੱਕ ਵਿਸ਼ੇਸ਼ ਖੇਤਰ ਹੁੰਦਾ ਹੈ, ਜਿਵੇਂ ਕਿ ਰਾਜਨੀਤੀ, ਖੇਡਾਂ, ਧਰਮ, ਫੈਸ਼ਨ, ਜਾਂ ਨਿੱਜੀ ਸਲਾਹ। ਕਾਲਮਨਵੀਸ ਲਿਖਣ ਦੀ ਸ਼ੈਲੀ ਦੁਆਰਾ ਵੱਖਰੇ ਹੁੰਦੇ ਹਨ, ਜੋ ਉਹਨਾਂ ਨੂੰ ਇੱਕ ਸਮਰਪਿਤ ਪਾਠਕ ਵਧਾਉਣ ਦੀ ਆਗਿਆ ਦਿੰਦਾ ਹੈ। ਇੱਕ ਕਾਲਮਨਵੀਸ ਨੂੰ ਪਾਠਕਾਂ ਨੂੰ ਜੋੜੀ ਰੱਖਣ ਲਈ ਹਮੇਸ਼ਾਂ ਇੱਕ ਵਿਲੱਖਣ ਅਤੇ ਦਿਲਚਸਪ ਕਾਲਮ ਪ੍ਰਦਾਨ ਕਰਨਾ ਚਾਹੀਦਾ ਹੈ। ਕਾਲਮਨਵੀਸ ਬਣਨ ਦੀ ਯੋਗਤਾ ਵਿੱਦਿਅਕ ਯੋਗਤਾ ਕਾਲਮਨਵੀਸ ਬਣਨ ਲਈ ਲੋੜੀਂਦੀ ਯੋਗਤਾ ਮਾਸ ਕਮਿਊਨੀਕੇਸ਼ਨ ਜਾਂ ਪੱਤਰਕਾਰੀ ਵਿੱਚ ਬੈਚਲਰ ਡਿਗਰੀ ਹੈ। ਨੋਟ: ਭਾਵੇਂ ਕਾਲਮਨਵੀਸ ਬਣਨ ਲਈ ਕਿਸੇ ਰਸਮੀ ਯੋਗਤਾ ਦੀ ਲੋੜ ਨਹੀਂ ਹੈ, ਪਰ ਜਿਸ ਵਿਸ਼ੇ 'ਤੇ ਉਹ ਲਿਖਣਾ ਚਾਹੁੰਦੇ ਹਨ, ਉਸ ਬਾਰੇ ਡੂੰਘੀ ਜਾਣਕਾਰੀ ਰੱਖਣ ਵਾਲੇ ਅਤੇ ਚੰਗੇ ਲਿਖਣ ਦੇ ਹੁਨਰ ਵਾਲੇ ਵਿਅਕਤੀ ਸਫਲ ਕਾਲਮਨਵੀਸ ਬਣ ਸਕਦੇ ਹਨ। ਉਮਰ ਸੀਮਾ ਉਮੀਦਵਾਰ ਦੀ ਉਮਰ ਦੇ ਸਬੰਧ ਵਿੱਚ ਕੋਈ ਪਾਬੰਦੀ ਨਹੀਂ ਹੈ ਜੇਕਰ ਉਹ ਕਾਲਮਨਵੀਸ ਬਣਨਾ ਚਾਹੁੰਦਾ ਹੈ। ਕਾਲਮਨਵੀਸ ਲੋੜੀਂਦੇ ਹੁਨਰ ਕਾਲਮਨਵੀਸ ਕੋਲ ਸੰਚਾਰ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਉਸਨੂੰ ਬੋਲਣ ਜਾਂ ਲਿਖਣ ਵੇਲੇ ਆਪਣੇ ਵਿਚਾਰਾਂ, ਵਿਚਾਰਾਂ ਅਤੇ ਭਾਵਨਾਵਾਂ ਨੂੰ ਸਪਸ਼ਟ ਰੂਪ ਵਿੱਚ ਪ੍ਰਗਟ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਉਸ ਕੋਲ ਤਰਕ ਅਤੇ ਸਮੱਸਿਆ ਹੱਲ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਕਾਲਮਨਵੀਸ ਕੋਲ ਕੰਮ 'ਤੇ ਧਿਆਨ ਕੇਂਦਰਿਤ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਚੰਗੀ ਸਮੱਗਰੀ ਲਈ ਖੋਜ ਕਰਨੀ ਚਾਹੀਦੀ ਹੈ। ਉਸਨੂੰ ਵਿਆਕਰਣ, ਸਪੈਲਿੰਗ ਅਤੇ ਵਿਰਾਮ ਚਿੰਨ੍ਹ ਦਾ ਗਿਆਨ ਹੋਣਾ ਚਾਹੀਦਾ ਹੈ। ਇੱਕ ਕਾਲਮਨਵੀਸ ਨੂੰ ਰੱਦ ਕੀਤੇ ਜਾਣ ਤੋਂ ਨਹੀਂ ਡਰਨਾ ਚਾਹੀਦਾ। ਇੱਕ ਕਾਲਮਨਵੀਸ ਕਿਵੇਂ ਬਣਨਾ ਹੈ? ਕਦਮ 1 12ਵੀਂ ਜਮਾਤ ਪਾਸ ਕਰਨ ਤੋਂ ਬਾਅਦ, ਉਮੀਦਵਾਰ ਨੂੰ ਪੱਤਰਕਾਰੀ, ਮੂਲ ਭਾਸ਼ਾ ਅਤੇ ਜਾਂ ਅੰਗਰੇਜ਼ੀ, ਜਾਂ ਜਨ ਸੰਚਾਰ ਵਿੱਚ ਬੈਚਲਰ ਦੀ ਡਿਗਰੀ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਕਦਮ 2 ਬੈਚਲਰ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ, ਉਮੀਦਵਾਰ ਪੱਤਰਕਾਰੀ, ਅੰਗਰੇਜ਼ੀ, ਜਾਂ ਜਨ ਸੰਚਾਰ ਵਿੱਚ ਮਾਸਟਰ ਡਿਗਰੀ ਲਈ ਜਾ ਸਕਦਾ ਹੈ; ਤਾਂ ਜੋ ਇਸ ਪੇਸ਼ੇ ਵਿੱਚ ਵਧੇਰੇ ਮੰਗ ਹੋਵੇ। ਕਦਮ 3 ਇੱਕ ਵਾਰ ਲੋੜੀਂਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਚਾਹਵਾਨ ਕਾਲਮਨਵੀਸ ਕਿਸੇ ਮੀਡੀਆ ਹਾਊਸ ਵਿੱਚ ਸ਼ਾਮਲ ਹੋ ਸਕਦਾ ਹੈ ਜਾਂ ਇੱਕ ਵਾਰ ਇੱਛਾ ਅਤੇ ਯੋਗਤਾਵਾਂ ਦੇ ਅਨੁਸਾਰ ਫ੍ਰੀਲਾਂਸ ਕੰਮ ਲਈ ਜਾ ਸਕਦਾ ਹੈ। ਭਾਰਤ ਵਿੱਚ ਕਾਲਮਨਵੀਸ ਸਿਖਲਾਈ ਸੰਸਥਾ ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ () ਦਿੱਲੀ ਜ਼ੇਵੀਅਰਜ਼ ਇੰਸਟੀਚਿਊਟ ਆਫ਼ ਕਮਿਊਨੀਕੇਸ਼ਨ () ਏਸ਼ੀਅਨ ਕਾਲਜ ਆਫ਼ ਜਰਨਲਿਜ਼ਮ () ਸਿੰਬਾਇਓਸਿਸ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ () ਏਜੇ ਕਿਦਵਈ ਮਾਸ ਕਮਿਊਨੀਕੇਸ਼ਨ ਰਿਸਰਚ ਸੈਂਟਰ (ਏਜੇਕੇਐਮਸੀਆਰਸੀ) ਮੁਦਰਾ ਇੰਸਟੀਚਿਊਟ ਆਫ ਕਮਿਊਨੀਕੇਸ਼ਨ, ਅਹਿਮਦਾਬਾਦ () ਇੰਡੀਅਨ ਇੰਸਟੀਚਿਊਟ ਆਫ਼ ਜਰਨਲਿਜ਼ਮ ਐਂਡ ਨਿਊ ਮੀਡੀਆ, ਬੰਗਲੌਰ () ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ, ਬੀ.ਐਚ.ਯੂ ਸੰਚਾਰ ਅਤੇ ਪੱਤਰਕਾਰੀ ਵਿਭਾਗ, ਪੁਣੇ ਭਾਰਤੀ ਵਿਦਿਆ ਭਵਨ ਦੇ ਸਰਦਾਰ ਪਟੇਲ ਕਾਲਜ ਆਫ ਕਮਿਊਨੀਕੇਸ਼ਨ ਐਂਡ ਮੈਨੇਜਮੈਂਟ, ਦਿੱਲੀ ਕਾਲਮਨਵੀਸ ਨੌਕਰੀ ਦਾ ਵੇਰਵਾ ਇੱਕ ਕਾਲਮਨਵੀਸ ਨੂੰ ਖ਼ਬਰਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ ਅਤੇ ਪ੍ਰਕਾਸ਼ਨ ਜਾਂ ਪ੍ਰਸਾਰਣ ਲਈ, ਵਿਸ਼ੇ ਦੇ ਨਾਲ ਨਿੱਜੀ ਗਿਆਨ ਅਤੇ ਅਨੁਭਵ ਦੇ ਅਧਾਰ ਤੇ ਇੱਕ ਕਾਲਮ ਲਿਖਣਾ ਹੁੰਦਾ ਹੈ। ਉਹ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਖੋਜ, ਇੰਟਰਵਿਊ, ਅਨੁਭਵ, ਅਤੇ ਸਮਾਗਮਾਂ, ਜਿਵੇਂ ਕਿ ਰਾਜਨੀਤਿਕ ਸੰਮੇਲਨਾਂ, ਖ਼ਬਰਾਂ ਦੀਆਂ ਮੀਟਿੰਗਾਂ, ਖੇਡ ਸਮਾਗਮਾਂ, ਅਤੇ ਸਮਾਜਿਕ ਗਤੀਵਿਧੀਆਂ ਵਿੱਚ ਹਾਜ਼ਰੀ ਦੁਆਰਾ ਵਿਸ਼ਾ ਦ੍ਰਿਸ਼ਟੀਕੋਣ ਵਿਕਸਿਤ ਕਰਦਾ ਹੈ। ਉਹਨਾਂ ਦੀ ਨੌਕਰੀ ਦੀ ਪ੍ਰੋਫਾਈਲ ਵਿੱਚ ਅੰਦਰੂਨੀ ਅਤੇ ਬਾਹਰੀ ਕੰਮ ਸ਼ਾਮਲ ਹੁੰਦੇ ਹਨ ਅਤੇ ਯਾਤਰਾ ਦੀ ਇੱਕ ਮਹੱਤਵਪੂਰਨ ਮਾਤਰਾ, ਇੱਥੋਂ ਤੱਕ ਕਿ ਵਿਦੇਸ਼ੀ ਦੇਸ਼ਾਂ ਵਿੱਚ ਵੀ। ਉਹ ਆਮ ਤੌਰ 'ਤੇ ਆਰਾਮਦਾਇਕ, ਚੰਗੀ ਤਰ੍ਹਾਂ ਪ੍ਰਕਾਸ਼ਤ ਅਤੇ ਵਿਸ਼ਾਲ ਹੁੰਦੇ ਹਨ। ਦੂਜੇ ਪਾਸੇ, ਬਾਹਰੀ ਕੰਮ ਤਣਾਅਪੂਰਨ ਹੋ ਸਕਦਾ ਹੈ, ਖਾਸ ਤੌਰ 'ਤੇ ਜੇ ਇਸ ਨੂੰ ਕੰਮ ਕਰਨ ਦੀ ਲੋੜ ਹੈਕਿਸੇ ਅਪਰਾਧ, ਕੁਦਰਤੀ ਆਫ਼ਤ, ਜਾਂ ਰਾਜਨੀਤਿਕ ਬਗਾਵਤ ਦਾ ਦ੍ਰਿਸ਼। ਨਵੇਂ ਲੋਕਾਂ ਨੂੰ ਮਿਲਣਾ ਇੱਕ ਕਾਲਮਨਵੀਸ ਹੋਣ ਦਾ ਇੱਕ ਨਿਸ਼ਚਿਤ ਹਿੱਸਾ ਹੈ। ਕੰਮ ਦੇ ਘੰਟੇ ਅਨਿਯਮਿਤ ਹੋਣ ਦੀ ਸੰਭਾਵਨਾ ਹੈ, ਅਤੇ ਕਾਲਮਨਵੀਸ ਨੂੰ ਸਖਤ ਸਮਾਂ-ਸੀਮਾਵਾਂ ਨੂੰ ਪੂਰਾ ਕਰਨ ਦੀ ਲੋੜ ਹੈ। ਕਾਲਮਨਵੀਸ ਦੀਆਂ ਕਈ ਕਿਸਮਾਂ ਹਨ ਜੋ ਇਸ ਪ੍ਰਕਾਰ ਹਨ: ਸਲਾਹਕਾਰ ਕਾਲਮਨਵੀਸ, ਜਨਰਲ ਸਲਾਹ ਕਾਲਮਨਵੀਸ, ਵਿਸ਼ੇਸ਼ਤਾ ਗੱਪਾਂ ਦੇ ਕਾਲਮਨਵੀਸ ਖੇਡ ਕਾਲਮਨਵੀਸ ਸਿਆਸੀ ਕਾਲਮਨਵੀਸ ਮਹਾਨਗਰ ਕਾਲਮਨਵੀਸ ਬਾਹਰੀ ਕਾਲਮਨਵੀਸ ਕਾਲਮਨਵੀਸ ਕੈਰੀਅਰ ਸੰਭਾਵਨਾਵਾਂ ਕਾਲਮਨਵੀਸ ਲਈ ਨੌਕਰੀ ਦੀ ਮਾਰਕੀਟ ਦਿਨ ਪ੍ਰਤੀ ਦਿਨ ਵਧ ਰਹੀ ਹੈ. ਇੱਕ ਕਾਲਮਨਵੀਸ ਵੱਖ-ਵੱਖ ਖੇਤਰਾਂ ਜਿਵੇਂ ਕਿ ਸਰਕਾਰੀ, ਨਿੱਜੀ ਅਤੇ ਜਨਤਕ ਖੇਤਰ ਵਿੱਚ ਕੰਮ ਕਰ ਸਕਦਾ ਹੈ। ਇਸ ਖੇਤਰ ਵਿੱਚ ਨੌਕਰੀ ਦੇ ਬਹੁਤ ਸਾਰੇ ਮੌਕੇ ਹਨ। ਕੋਈ ਵੀ ਵਪਾਰਕ ਪ੍ਰਸ਼ਾਸਨਿਕ ਅਤੇ ਵਿਕਾਸ, ਰਿਪੋਰਟਰ, ਸੇਵਾ ਲੇਖਕ, ਮੁੱਖ ਰਾਜਨੀਤੀ ਰਿਪੋਰਟਰ, ਸੀਈਓ ਮੌਕੇ ਅਤੇ ਹੋਰ ਬਹੁਤ ਕੁਝ ਦੇ ਤੌਰ 'ਤੇ ਕੰਮ ਕਰ ਸਕਦਾ ਹੈ। ਕਾਲਮਨਵੀਸ ਤਨਖਾਹ ਇੱਕ ਕਾਲਮਨਵੀਸ ਰੁਪਏ ਕਮਾ ਸਕਦਾ ਹੈ। 20,000/- ਤੋਂ ਰੁ. 30,000/- ਪ੍ਰਤੀ ਮਹੀਨਾ। ਵਧੇਰੇ ਰਚਨਾਤਮਕਤਾ ਦੀ ਵਰਤੋਂ ਅਤੇ ਵਧੇਰੇ ਅਨੁਭਵ ਅਤੇ ਗਿਆਨ ਪ੍ਰਾਪਤ ਕਰਨ ਨਾਲ, ਇੱਕ ਕਾਲਮਨਵੀਸ ਰੁਪਏ ਵੀ ਕਮਾ ਸਕਦਾ ਹੈ। ਭਾਰਤ ਵਿੱਚ 1,00,000/- ਤੋਂ 2,00,000/- ਰੁਪਏ ਪ੍ਰਤੀ ਮਹੀਨਾ।

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ, ਪੰਜਾਬ।

# ਬੋਰਿਸ ਜਾਨਸਨ ਨੇ ਟੋਰੀ ਪਾਰਟੀ ਲੀਡਰ ਦਾ ਅਹੁਦਾ ਛੱਡਿਆ, ਪ੍ਰਧਾਨ ਮੰਤਰੀ ਬਣੇ ਰਹਿਣਗੇ

ਕ੍ਰਿਸ਼ਨ ਭਾਟੀਆ



ਪਿਛਲੇ ਕੁਝ ਦਿਨਾਂ ਤੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਸਿਆਸੀ ਭਵਿੱਖ ਉੱਤੇ ਸਰਗਰਮ ਚਰਚੇ ਚੱਲ ਰਹੇ ਸਨ, ਉਨ੍ਹਾਂ ਨੇ ਵੀਰਵਾਰ ਆਪਣੀ ਸਰਕਾਰੀ ਰਿਹਾਇਸ਼ 10 ਡਾਊਨਿੰਗ ਸਟ੍ਰੀਟ ਦੇ ਬਾਹਰ ਐਲਾਨ ਕੀਤਾ ਕਿ ਉਹ ਸੱਤਾਧਾਰੀ ਟੋਰੀ ਪਾਰਟੀ ਦੇ ਪ੍ਰਧਾਨ ਦਾ ਅਹੁਦੇ ਛੱਡ ਦੇਣਗੇ ਅਤੇ ਅਕਤੂਬਰ ਤੱਕ ਪ੍ਰਧਾਨ ਮੰਤਰੀ ਬਣੇ ਰਹਿਣਗੇ। ਉਨ੍ਹਾਂ ਦੇ ਇਸ ਫੈਸਲੇ ਨੇ ਸਿਆਸੀ ਹਲਕਿਆਂ ਵਿੱਚ ਮਾਮੂਲੀ ਜਿਹੀ ਹਲਚਲ ਪੈਦਾ ਕੀਤੀ, ਪਰ ਹੈਰਾਨੀ ਨਹੀਂ, ਕਿਉਂਕਿ ਇਹ ਯਕੀਨੀ ਨਜ਼ਰ ਆ ਰਿਹਾ ਸੀ ਕਿ ਟੋਰੀ ਪਾਰਟੀ ਅਤੇ ਦੇਸ਼ ਦੇ ਅੰਦਰ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਉਠੇ ਵਿਵਾਦਾਂ ਦੇ ਕਾਰਨ ਉਨ੍ਹਾਂ ਦਾ ਆਪਣੇ ਅਹੁਦੇ ਉੱਤੇ ਵਧੇਰੇ ਦੇਰ ਤੱਕ ਟਿੱਕੇ ਰਹਿਣਾ ਸੰਭਵ ਨਹੀਂ ਹੋਵੇਗਾ।

ਮੰਗਲਵਾਰ ਨੂੰ ਵਿੱਤ ਮੰਤਰੀ ਰਿਸ਼ੀ ਸੂਨਕ ਅਤੇ ਸਿਹਤ ਮੰਤਰੀ ਜਾਵੇਦ ਵੱਲੋਂ ਅਸਤੀਫ਼ੇ ਦੇ ਦੇਣ ਪਿੱਛੋਂ ਬੋਰਿਸ ਜਾਨਸਨ ਮੰਤਰੀ ਮੰਡਲ ਵਿੱਚ ਸ਼ਾਮਲ ਸੀਨੀਅਰ ਤੇ ਜੂਨੀਅਰ ਮੰਤਰੀਆਂ ਨੇ ਅਸਤੀਫੇ ਦੇਣ ਦੀ ਝੜੀ ਲਾ ਦਿੱਤੀ ਸੀ ਅਤੇ ਇੱਕ ਦੇ ਬਾਅਦ ਇੱਕ 50 ਛੋਟੇ-ਵੱਡੇ ਅਹੁਦੇਦਾਰਾਂ ਵੱਲੋਂ ਅਸਤੀਫ਼ੇ ਦਿੱਤੇ ਜਾਣ ਦੇ ਬਾਅਦ ਇਹ ਸੋਚਣਾ ਕਿ ਬੋਰਿਸ ਵੱਧ ਸਮਾਂ ਟਿਕ ਸਕਣਗੇ, ਬਿਲਕੁਲ ਗਲਤ ਸੀ। ਕਈ ਮੰਤਰੀਆਂ ਨੇ ਅਸਤੀਫ਼ੇ ਦੇਣ ਤੋਂ ਪਹਿਲਾਂ ਜਦੋਂ ਬੋਰਿਸ ਜਾਨਸਨ ਨਾਲ ਮੁਲਾਕਾਤ ਕੀਤੀ ਤਾਂ ਅਖ਼ਬਰਾਂ ਨੇ ਲਿਖਿਆ ਕਿ ਉਨ੍ਹਾਂ ਨੇ ਸਾਫ ਤੌਰ ਉੱਤੇ ਪ੍ਰਧਾਨ ਮੰਤਰੀ ਨੂੰ ਕਹਿ ਦਿੱਤਾ ਸੀ ਕਿ 'ਬਾਏ-ਬਾਏ' ਦਾ ਸਮਾਂ ਆ ਗਿਆ ਹੈ। ਬ੍ਰਿਟੇਨ ਵਿੱਚ ਇਸ ਸਮੇਂ ਟੋਰੀ ਪਾਰਟੀ ਸੱਤਾ ਵਿੱਚ ਹੈ। ਇਸ ਪਾਰਟੀ ਦੇ ਨਿਯਮਾਂ ਅਨੁਸਾਰ ਪਾਰਟੀ ਦਾ ਪ੍ਰਧਾਨ ਹੀ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਹੈ। ਇਸ ਤਰ੍ਹਾਂ ਬੋਰਿਸ ਜਾਨਸਨ ਵੀ ਦੋਵਾਂ ਅਹੁਦਿਆਂ ਉੱਤੇ ਸਨ। ਪਿਛਲੇ ਮਹੀਨੇ ਇੱਕ ਬੇਭਰੋਸਗੀ ਮਤੇ ਰਾਹੀਂ ਉਨ੍ਹਾਂ ਨੂੰ ਪਾਰਟੀ ਦੀ ਪ੍ਰਧਾਨਗੀ ਤੋਂ ਹਟਾਉਣ ਦੀ ਕੋਸ਼ਿਸ਼ ਹੋਈ, ਪਰ ਉਹ ਸਫਲ ਨਹੀਂ ਹੋਏ। ਬੋਰਿਸ ਜਾਨਸਨ ਨੇ ਪਾਰਟੀ ਦੀ ਭਰੋਸੇ ਦੀ ਵੋਟ ਤਾਂ ਜਿੱਤ ਲਈ ਸੀ, ਪਰ ਦਿਲ ਨਹੀਂ। ਉਦੋਂ ਤੋਂ ਇਹ ਖਦਸ਼ੇ ਪੈਦਾ ਹੋ ਗਏ ਸਨ ਕਿ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਨੂੰ ਚੈਨ ਨਾਲ ਨਹੀਂ ਬੈਠਣ ਦੇਣਗੇ। ਆਵਾਜ਼ਾਂ ਜ਼ੋਰ ਫੜਨ ਲੱਗੀਆਂ ਸਨ ਬੋਰਿਸ ਜਾਨਸਨ ਨੂੰ ਪ੍ਰਧਾਨ ਮੰਤਰੀ ਅਤੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀਆਂ। ਬੋਰਿਸ ਜਾਨਸਨ ਨੇ ਕਿਹਾ ਕਿ ਉਹ ਅਕਤੂਬਰ ਤੱਕ ਇਸ ਕਰ ਕੇ ਪ੍ਰਧਾਨ ਮੰਤਰੀ ਬਣੇ ਰਹਿਣਾ ਚਾਹੁੰਦੇ ਹਨ ਕਿ ਇਸ ਦੌਰਾਨ ਟੋਰੀ ਪਾਰਟੀ ਆਪਣਾ ਨਵਾਂ ਲੀਡਰ ਚੁਣਨ ਦੀਆਂ ਤਿਆਰੀਆਂ ਕਰ ਸਕੇ। ਨਵਾਂ ਪਾਰਟੀ ਲੀਡਰ ਚੁਣਨ ਲਈ ਖਿੱਚੋਤਾਣ ਸ਼ੁਰੂ ਹੋ ਗਈ ਹੈ। ਕਈ ਖਾਹਿਸ਼ੀ ਹਨ ਅਤੇ ਇਹ ਹੈ ਵੀ ਸੁਭਾਵਿਕ, ਹਰ ਕੋਈ ਆਪਣੀ ਕਿਸਮਤ ਅਜ਼ਮਾਉਣੀ ਚਾਹੇਗਾ। ਇਸ ਦੇਸ਼ ਦੀਆਂ ਕੁਝ ਪ੍ਰਕਿਰਿਆਵਾਂ ਅਜਿਹੀਆਂ ਹਨ, ਜੋ ਆਉਣ ਵਾਲੀਆਂ ਸਿਆਸੀ ਘਟਨਾਵਾਂ ਅਤੇ ਉਨ੍ਹਾਂ ਦੇ ਨਤੀਜਿਆਂ ਨੂੰਪ੍ਰਭਾਵਿਤ ਕਰਦੀਆਂ ਹਨ।

ਇਸ ਮਾਮਲੇ ਵਿੱਚ 'ਬੁਕੀਜ਼' ਭਾਵ ਜੂਆ ਘਰਾਂ ਦਾ ਵੱਡਾ ਮਹੱਤਵਪੂਰਨ ਰੋਲ ਹੈ। ਕਿਸੇ ਪਾਰਟੀ ਜਾਂ ਉਮੀਦਵਾਰ ਦੀ ਜਿੱਤ-ਹਾਰ ਦਾ ਜੋ ਅੰਦਾਜ਼ਾ ਬੁਕੀਜ਼ ਲਾਉਂਦੇ ਹਨ, ਉਹ ਆਮ ਤੌਰ ਉੱਤੇ ਠੀਕ ਨਿਕਲਦਾ ਹੈ। ਇਨ੍ਹਾਂ ਬੁਕੀਜ਼ ਵੱਲੋਂ ਉਮੀਦਵਾਰਾਂ ਦਾ ਜਿੰਨਾ ਮੁਲਾਂਕਣ ਕੀਤਾ ਜਾਂਦਾ ਹੈ, ਜੂਏ ਦੀ ਰਕਮ ਵੀ ਉਸੇ ਅਨੁਸਾਰ ਤੈਅ ਹੁੰਦੀ ਹੈ ਭਾਵ ਇੰਨਾ ਲਾਓਗੇ ਤੇ ਤੁਹਾਡਾ ਉਮੀਦਵਾਰ ਜੇ ਜਿੱਤ ਗਿਆ ਤਾਂ ਇੰਨੇ ਮਿਲਣਗੇ। ਬੁਕੀਜ਼ ਨੇ ਆਪਣੇ ਪਸੰਦੀਦਾ ਨਾਂ ਪ੍ਰਚਾਰਿਤ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਸਭ ਤੋਂ ਉਪਰ ਨਾਂ ਹੈ ਰਿਸ਼ੀ ਸੂਨਕ ਦਾ, ਜਿਨ੍ਹਾਂ ਨੇ ਸਿਰਫ਼ ਦੋ ਦਿਨ ਪਹਿਲਾਂ ਵਿੱਤ ਮੰਤਰੀ ਦੇ ਅਹੁਦੇ ਤੋਂ ਇਸ ਲਈ ਅਸਤੀਫ਼ਾ ਦਿੱਤਾ ਸੀ ਕਿ ਉਹ ਬੋਰਿਸ ਜਾਨਸਨ ਦੀ ਕਾਰਜਪ੍ਰਣਾਲੀ ਤੋਂ ਖ਼ੁਸ਼ ਨਹੀਂ ਸਨ।

ਬੋਰਿਸ ਦੇ ਫੈਸਲੇ ਉੱਤੇ ਵੱਖ-ਵੱਖ ਕਿਸਮ ਦੀਆਂ ਪ੍ਰਤੀਕਿਰਿਆਵਾਂ ਹੋ ਰਹੀਆਂ ਹਨ। ਯੂਰਪੀਨ ਯੂਨੀਅਨ ਛੱਡਣ ਉੱਤੇ ਹੋਏ ਰੈਫਰੈਂਡਮ ਦੇ ਨਤੀਜੇ ਪਿੱਛੋਂ ਬ੍ਰਿਟੇਨ ਜਿਹੜੀਆਂ ਔਕੜਾਂ ਉੱਤੇ ਉਲਝਣਾਂ ਵਿੱਚ ਫਸ ਗਿਆ ਸੀ, ਉਨ੍ਹਾਂ ਵਿੱਚੋਂ ਨਿਕਲਣਾ ਇਸ ਲਈ ਬੜਾ ਮੁਸ਼ਕਲ ਹੋ ਗਿਆ ਸੀ। ਬੋਰਿਸ ਜਾਨਸਨ ਦੀਆਂ ਕੋਸ਼ਿਸ਼ਾਂ ਨਾਲ ਦੇਸ਼ ਨੂੰ ਉਨ੍ਹਾਂ ਉਲਝਣਾਂ ਤੋਂ ਨਿਕਲਿਆ ਅਤੇ ਇਸ ਨੂੰ ਵਿਕਸਿਤ ਹੋਣ ਦਾ ਮੌਕਾ ਮਿਲ ਗਿਆ ਸੀ।

ਸਿਆਸੀ ਕਾਰਨ ਕੁਝ ਵੀ ਹੋਣ ਜਿਸ ਸਥਿਤੀ ਨੇ ਉਨ੍ਹਾਂ ਨੂੰ ਅਹੁਦਾ ਛੱਡਣ ਲਈ ਮਜ਼ਬੂਰ ਕੀਤਾ, ਬੋਰਿਸ ਆਪਣੇ ਮਨਚਲੇ ਅਤੇ ਮਖੌਲੀ ਸੁਭਾਅ ਕਾਰਨ ਉਸ ਲਈ ਇੱਕ ਪ੍ਰਸਿੱਧ ਹਸਤੀ ਹਨ। ਭਾਰਤ ਦੇ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਅ ਹੈ ਅਤੇ ਬ੍ਰਿਟੇਨ ਵਿੱਚ ਵਸੇ ਭਾਰਤੀਆਂ ਨਾਲ ਚੰਗੇ ਸਬੰਧ ਹਨ।

## ਹਲਕਾ-ਫੁਲਕਾ

ਬੇਟਾ, ''ਪਾਪਾ! ਤੁਸੀਂ ਰੋਜ਼-ਰੋਜ਼ ਇੰਝ ਸ਼ਰਾਬ ਨਾ ਪੀਆ ਕਰੋ।''
ਪਿਤਾ,''ਪੀਣ ਦੇ ਬੇਟਾ. ਪੀਣ ਦੇ, ਸਭ ਇਥੇ ਹੀ ਪਿਆ ਰਹਿ ਜਾਵੇਗਾ, ਕੀ ਲੈ ਕੇ ਦੁਨੀਆ ਉਤੇ ਆਏ ਸੀ ਤੇ ਕੀ ਲੈ ਕੇ ਜਾਵਾਂਗੇ?''
ਬੇਟਾ (ਖਿੱਝ ਕੇ), ''ਓਹ ਮੇਰੇ ਪਿਓ! ਜੇ ਇਸੇ ਤਰ੍ਹਾਂ ਪੀਂਦੇ ਰਹੇ ਤਾਂ ਸਾਡੇ ਲਈ ਛੱਡ ਕੇ ਵੀ ਕੀ ਜਾਓਗੇ?''

********

ਪਤਨੀ, ''ਮੈਂ ਸੁਣਿਆ ਹੈ ਕਿ ਸਵਰਗ ਵਿੱਚ ਪਤਨੀ ਨੂੰ ਪਤੀ ਨਾਲ ਨਹੀਂ ਰਹਿਣ ਦਿੰਦੇ।''
ਪਤੀ, ''ਸਹੀ ਸੁਣਿਆ ਹੈ, ਇਸੇ ਲਈ ਤਾਂ ਉਸ ਨੂੰ ਸਵਰਗ ਕਹਿੰਦੇ ਹਨ।''

********

ਟੀਚਰ, ''ਤੂੰ ਅੱਜ ਲੇਟ ਕਿਉਂ ਹੋ ਗਈ?''
ਲੜਕੀ, ''ਸਰ, ਇੱਕ ਲੜਕਾ ਮੇਰਾ ਪਿੱਛਾ ਕਰ ਰਿਹਾ ਸੀ।''
ਟੀਚਰ, ''ਫਿਰ ਤਾਂ ਤੈਨੂੰ ਜਲਦੀ ਆਉਣਾ ਚਾਹੀਦਾ ਸੀ, ਕਿਉਂ ਲੇਟ ਹੋ ਗਈ?''
ਲੜਕੀ, ''ਸਰ, ਉਹ ਬਹੁਤ ਹੀ ਹੌਲੀ-ਹੌਲੀ ਚੱਲ ਰਿਹਾ ਸੀ।'

********

ਅਧਿਆਪਕ (ਪੱਪੂ ਨੂੰ), ''ਤੂੰ ਮੇਰਾ ਦਿਮਾਗ ਖ਼ਰਾਬ ਕਰ ਦਿੱਤਾ ਹੈ, ਕੱਲ੍ਹ ਮੈਂ ਤੇਰੇ ਪਿਤਾ ਜੀ ਨੂੰ ਮਿਲਾਂਗਾ।''
ਪੱਪੂ, ''ਸਰ, ਪਿਤਾ ਜੀ ਨੂੰ ਨਹੀਂ, ਤੁਸੀਂ ਮੇਰੇ ਚਾਚਾ ਜੀ ਨੂੰ ਮਿਲੋ।''
ਅਧਿਆਪਕ, ''ਉਹ ਕਿਉਂ?''
ਪੱਪੂ, ''ਕਿਉਂਕਿ ਦਿਮਾਗ਼ ਦੇ ਡਾਕਟਰ ਉਹੀ ਹਨ।''

********

ਪਿਤਾ, ''ਤੇਰਾ ਇਤਿਹਾਸ ਦਾ ਪੇਪਰ ਕਿਵੇਂ ਦਾ ਹੋਇਆ?''
ਪੱਪੂ, ''ਬਹੁਤ ਹੀ ਬੁਰਾ, ਸਾਰੇ ਸਵਾਲ ਮੇਰੇ ਜਨਮ ਤੋਂ ਪਹਿਲਾਂ ਦੇ ਪੁੱਛੇ ਗਏ ਸੀ।''

********

ਪਤਨੀ ਨੇ ਅੰਗ੍ਰੇਜ਼ੀ ਦੀ ਕਿਤਾਬ ਪੜ੍ਹਦੇ ਹੋਏ ਪਤੀ ਨੂੰ ਪੁੱਛਿਆ, ''ਇਹ 'ਫਿਨਿਸ਼' ਤੇ 'ਕੰਪਲੀਟ' ਵਿੱਚ ਕੀ ਫ਼ਰਕ ਹੁੰਦਾ ਹੈ?''
ਪਤੀ, ''ਦੇਖ, ਜਿਵੇਂ ਮੈਂ ਤੈਨੂੰ ਮਿਲਿਆ ਤਾਂ ਤੇਰੀ ਲਾਈਫ਼ ਹੋ ਗਈ 'ਕੰਪਲੀਟ' ਤੇ ਤੂੰ ਮੈਨੂੰ ਮਿਲ ਗਈ ਤਾਂ ਮੇਰੀ ਲਾਈਫ਼ ਹੋ ਗਈ 'ਫਿਨਿਸ਼'।''

## ਮਾਂ ਦੀ ਮੌਤ ਤੋਂ ਪ੍ਰੇਸ਼ਾਨ 12 ਸਾਲਾ ਪੁੱਤਰ ਵੱਲੋਂ ਖੁਦਕੁਸ਼ੀ



ਮਾਛੀਵਾੜਾ, 14 ਜੁਲਾਈ (ਪੋਸਟ ਬਿਊਰੋ)- ਪਿੰਡ ਖੇੜਾ ਦੇ 12 ਸਾਲਾ ਲੜਕੇ ਨੇ ਘਰ ਵਿੱਚ ਫਾਂਸੀ ਲਾ ਕੇ ਖੁਦਕੁਸ਼ੀ ਕਰ ਲਈ, ਜਿਸ ਬਾਰੇ ਪੁਲਸ ਅਗਲੀ ਕਾਨੂੰਨੀ ਕਾਰਵਾਈ ਕਰ ਰਹੀ ਹੈ।

ਮ੍ਰਿਤਕ ਬੱਚੇ ਦੇ ਪਿਤਾ ਪਰਸਾ ਸਿੰਘ ਨੇ ਦੱਸਿਆ ਕਿ ਉਹ ਰੋਜ਼ ਵਾਂਗ ਕੰਮ ਉੱਤੇ ਗਿਆ ਸੀ। ਉਸ ਨੂੰ ਸੱਤ ਵਜੇ ਫੋਨ ਆਇਆ ਕਿ ਉਸ ਦੇ ਲੜਕੇ ਅਰਮਾਨਦੀਪ ਨੇ ਪੱਖੇ ਦੀ ਹੁੱਕ ਨਾਲ ਫਾਂਸੀ ਲਾ ਕੇ ਖੁਦਕੁਸ਼ੀ ਕਰ ਲਈ ਹੈ। ਪਰਸਾ ਸਿੰਘ ਅਨੁਸਾਰ ਜਦ ਉਹ ਘਰ ਪਹੁੰਚਿਆ ਤਾਂ ਅਰਮਾਨਦੀਪ ਸਿੰਘ ਦੀ ਮੌਤ ਹੋ ਚੁੱਕੀ ਸੀ। ਪਰਵਾਰ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਅਰਮਾਨਦੀਪ ਸਿੰਘ ਦੀ ਮਾਤਾ ਸੁਖਵੀਰ ਕੌਰ ਨੇ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀਕਰ ਲਈ ਸੀ ਕਿਉਂਕਿ ਉਸ ਦਾ ਵੱਡਾ ਲੜਕਾ ਮੰਦਬੁੱਧੀ ਤੇ ਕਾਫੀ ਬਿਮਾਰ ਰਹਿੰਦਾ ਹੈ। ਇਸ ਪ੍ਰੇਸ਼ਾਨੀ ਕਾਰਨ ਮਾਂ ਨੇ ਖੁਦਕੁਸ਼ੀਕੀਤੀ ਤੇ ਉਸ ਦੇ ਬਾਅਦ ਅਰਮਾਨਦੀਪ ਸਿੰਘ ਉੱਤੇ ਵੱਡੇ ਭਰਾ ਦੀ ਦੇਖਭਾਲ ਦੀ ਜ਼ਿੰਮੇਵਾਰੀ ਆ ਗਈ ਅਤੇ ਨਾਲ ਮਾਂ ਨੂੰ ਯਾਦ ਕਰਦਾ ਰਹਿੰਦਾ ਸੀ। ਪਿਤਾ ਪਰਸਾ ਸਿੰਘ ਨੇ ਦੱਸਿਆ ਕਿ ਮਾਂ ਦੀ ਮੌਤ ਪਿੱਛੋਂ ਅਰਮਾਨਦੀਪ ਸਿੰਘ ਪ੍ਰੇਸ਼ਾਨ ਰਹਿਣ ਲੱਗ ਪਿਆ ਸੀ ਜਿਸ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ।

## ਸਿੱਖ ਜਥੇਬੰਦੀਆਂ ਦੇ ਵਿਰੋਧ ਮਗਰੋਂ ਸਿਰਸਾ ਡੇਰੇ ਦਾ ਸਮਾਗਮ ਰੱਦ



ਤਰਨ ਤਾਰਨ, 14 ਜੁਲਾਈ (ਪੋਸਟ ਬਿਊਰੋ)- ਸਿੱਖ ਜਥੇਬੰਦੀਆਂ ਦੇ ਤਿੱਖੇ ਵਿਰੋਧ ਮਗਰੋਂ ਪ੍ਰਸ਼ਾਸਨ ਨੂੰ ਕੱਲ੍ਹ ਇੱਥੇ ਡੇਰਾ ਸਿਰਸਾ ਵੱਲੋਂ ਵਰਚੁਅਲੀ ਕਰਵਾਈ ਜਾਣ ਵਾਲੀ ਨਾਮ ਚਰਚਾ ਰੱਦ ਕਰਾਉਣੀ ਪਈ। ਦੋਵੇਂ ਧਿਰਾਂ ਵਿਚਾਲੇ ਕਿਸੇ ਤਕਰਾਰ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਵੱਡੀ ਗਿਣਤੀ ਵਿੱਚ ਪੁਲਸ ਵੀ ਤੈਨਾਤ ਕੀਤੀ ਹੋਈ ਸੀ।

ਮਿਲੀ ਜਾਣਕਾਰੀ ਅਨੁਸਾਰ ਤਰਨ ਤਾਰਨ-ਅੰਮ੍ਰਿਤਸਰ ਸੜਕ ਉਤੇ ਇੱਕ ਰਿਜ਼ੋਰਟ ਵਿੱਚ ਹੋਣ ਵਾਲੀ ਨਾਮ ਚਰਚਾ ਵਿੱਚ ਸ਼ਾਮਲ ਹੋਣ ਵਾਲੇ ਲਗਭਗ ਅੱਠ ਸੌ ਪੈਰੋਕਾਰਾਂ ਲਈ ਲੰਗਰ ਆਦਿ ਦਾ ਬੰਦੋਬਸਤ ਹੋਇਆ ਸੀ। ਇਸ ਨਾਮ ਚਰਚਾ ਨੂੰ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੇ ਸੰਬੋਧਨ ਕਰਨਾ ਸੀ, ਪਰਸੂਚਨਾ ਮਿਲਣ ਉੱਤੇ ਦਮਦਮੀ ਟਕਸਾਲ ਵਾਲੇ ਭਾਈ ਅਮਰੀਕ ਸਿੰਘ ਅਜਨਾਲਾ ਤੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਪਰਗਟ ਸਿੰਘ ਝਬਾਲ ਨੇ ਸਿੱਖ ਸੰਗਠਨਾਂ ਨਾਲ ਸਬੰਧਤ ਕਾਰਕੁੰਨਾਂ ਨਾਲ ਐਸ ਐਸ ਪੀ ਰਣਜੀਤ ਸਿੰਘ ਢਿੱਲੋਂ ਸਾਹਮਣੇ ਵਿਰੋਧ ਜ਼ਾਹਰ ਕੀਤਾ ਤੇ ਕਿਸੇ ਵੀ ਕੀਮਤ ਉੱਤੇ ਸਮਾਗਮ ਨਾ ਹੋਣ ਦੇਣ ਦੀ ਚਿਤਾਵਨੀ ਦਿੱਤੀ। ਇਸ ਮਗਰੋਂ ਪ੍ਰਸ਼ਾਸਨ ਵੱਲੋਂ ਨਾਮ ਚਰਚਾ ਦੇ ਪ੍ਰਬੰਧਕਾਂ ਨੂੰ ਸਮਾਗਮ ਕਰਨ ਤੋਂ ਰੋਕ ਦਿੱਤਾ ਗਿਆ। ਦੂਸਰੇ ਪਾਸੇ ਡੇਰਾ ਸਿਰਸਾ ਦੇ ਭੰਗੀਦਾਸ ਹਰਜਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਵਾਈ ਫਾਈ ਵਿੱਚ ਰੁਕਾਵਟ ਆ ਜਾਣ ਕਰ ਕੇ ਇਹ ਸਮਾਗਮ ਅੱਗੇ ਪਾਇਆ ਗਿਆ ਹੈ।

## ਖ਼ਾਲਿਸਤਾਨ ਪੱਖੀ ਨਾਅਰੇ ਲਿਖਣ ਵਾਲਾ ਗ੍ਰਿਫ਼ਤਾਰ

* ਕਰਨਾਲ ਜੇਲ੍ਹ ਤੋਂ ਪ੍ਰੋਡਕਸ਼ਨ ਵਰੰਟ ਉੱਤੇ ਲਿਆਂਦਾ



ਜਲੰਧਰ, 14 ਜੁਲਾਈ (ਪੋਸਟ ਬਿਊਰੋ)- ਮੁਹੱਲਾ ਲਕਸ਼ਮੀਪੁਰ ਵਿੱਚ 14-15 ਜੂਨ ਦੀ ਵਿਚਲੀ ਰਾਤ ਇੱਕ ਕੰਧ ਉੱਤੇ ਖ਼ਾਲਿਸਤਾਨ ਪੱਖੀ ਨਾਅਰੇ ਲਿਖਣ ਵਾਲੇ ਦੋਸ਼ੀ ਨੂੰ ਥਾਣਾ ਡਵੀਜ਼ਨ ਨੰਬਰ ਤਿੰਨ ਦੀ ਪੁਲਸ ਨੇ ਪ੍ਰੋਡਕਸ਼ਨ ਵਰੰਟ ਉੱਤੇ ਲਿਆ ਕੇ ਗ੍ਰਿਫ਼ਤਾਰ ਕੀਤਾ ਹੈ। ਉਸ ਦੀ ਪਛਾਣ ਮਨਜੀਤ ਸਿੰਘ ਉਰਫ਼ ਮੀਤਾ ਪੁੱਤਰ ਹਰਜਿੰਦਰ ਸਿੰਘ ਉਰਫ਼ ਜਿੰਦਰ ਵਾਸੀ ਦੁਲੱਦੀ, ਨਾਭਾ, ਪਟਿਆਲਾ ਵਜੋਂ ਦੱਸੀ ਗਈ ਹੈ।

ਡੀ ਸੀ ਪੀ ਜਾਂਚ ਜਸਕਿਰਨਜੀਤ ਸਿੰਘ ਤੇਜਾ ਨੇ ਦੱਸਿਆ ਕਿ ਮੁਹੱਲਾ ਲਕਸ਼ਮੀਪੁਰਾ ਵਿੱਚ ਖ਼ਾਲਿਸਤਾਨ ਪੱਖੀ ਨਾਅਰੇ ਲਿਖੇ ਜਾਣ ਪਿੱਛੋਂ ਥਾਣਾ ਡਵੀਜ਼ਨ ਨੰਬਰ ਤਿੰਨ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਥਾਣਾ ਸਿਵਲ ਲਾਈਨ ਕਰਨਾਲ, ਹਰਿਆਣਾ ਵਿੱਚ ਦਰਜ ਇੱਕ ਕੇਸ ਵਿੱਚ ਦੋਸ਼ੀ ਮਨਜੀਤ ਸਿੰਘ ਉਰਫ਼ ਮੀਤ ਕਰਨਾਲ ਜੇਲ੍ਹ ਵਿੱਚ ਬੰਦ ਹੈ, ਜੋ ਜਲੰਧਰ ਵਿੱਚ ਮਾਹੌਲ ਖ਼ਰਾਬ ਕਰਨ ਦੇ ਕੇਸ ਵਿੱਚ ਸ਼ਾਮਲ ਸੀ। ਇਸ ਪਿੱਛੋਂ ਏ ਸੀ ਪੀ ਉਤਰੀ ਮੋਹਿਤ ਕੁਮਾਰ ਸਿੰਗਲਾ ਦੀ ਨਿਗਰਾਨੀ ਹੇਠ ਪੁਲਸ ਨੇ ਮੁਲਜ਼ਮ ਨੂੰ ਪ੍ਰੋਡਕਸ਼ਨ ਵਰੰਟ ਉੱਤੇ ਲਿਆਂਦਾ ਅਤੇ ਗ੍ਰਿਫ਼ਤਾਰ ਕਰ ਲਿਆ। ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਪਿਤਾ ਦੀ ਮੌਤ ਪਿੱਛੋਂ ਉਹ ਪੜ੍ਹਾਈ ਛੱਡ ਕੇ ਆਟੋ ਚਲਾਉਣ ਲੱਗਾ ਸੀ। ਦਸੰਬਰ 2019 ਵਿੱਚ ਉਨ੍ਹਾਂ ਦੇ ਪਿੰਡ ਕੁਝ ਨੌਜਵਾਨ ਪਸ਼ੂਆਂ ਦਾ ਸਰਵੇ ਕਰਨ ਆਏ, ਜਿਨ੍ਹਾਂ ਨੇ ਇੰਟਰਨੈਟ ਉੱਤੇ ਪਸ਼ੂ ਬੋਲੀ ਐਪ ਬਾਰੇ ਉਸ ਨੂੰ ਜਾਣਕਾਰੀ ਦਿੱਤੀ ਤਾਂ ਉਹ ਐਪ ਚਲਾਉਣ ਲਈ ਇੰਟਰਨੈਟ ਦੀ ਵਰਤੋਂ ਕਰਨ ਲੱਗਾ। ਹੌਲੀ-ਹੌਲੀ ਉਸ ਨੇ ਹੋਰ ਸੋਸ਼ਲ ਸਾਈਟਾਂ ਚਲਾਈਆਂ।ਇਸ ਦੌਰਾਨ ਖ਼ਾਲਿਸਤਾਨ ਦਾ ਸਮਰਥਨ ਕਰਨ ਵਾਲੀ ਇੱਕ ਸਾਈਟ ਉੱਤੇ ਕੁਮੈਂਟ ਕਰ ਦਿੱਤਾ, ਜਿਸ ਪਿੱਛੋਂ ਉਸ ਨੂੰ ਮੈਸਜ ਆਏ ਤੇ ਉਸ ਦਾ ਵਿਦੇਸ਼ ਵਿੱਚ ਬੈਠੇ ਖਾਲਸਤਾਨ ਪੱਖੀਆਂ ਨਾਲ ਸੰਪਰਕ ਹੋ ਗਿਆ। ਉਸ ਨੇ ਉਨ੍ਹਾਂ ਦੀ ਵੈਬ ਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ। ਉਸ ਨੂੰ ਵਿਦੇਸ਼ ਵਿੱਚ ਬੈਠੇ ਕਿਸੇ ਵਿਅਕਤੀ ਨੇ ਦੀਵਾਰਾਂ ਉੱਤੇ ਖ਼ਾਲਿਸਤਾਨ ਪੱਖੀ ਨਾਅਰੇ ਲਿਖਣ ਲਈ ਕਿਹਾ, ਉਸ ਨੇ ਕਈ ਥਾਂ ਨਾਅਰੇ ਲਿਖੇ, ਜਿਸ ਬਦਲੇ ਉਸ ਨੂੰ ਪੈਸੇ ਵੀ ਮਿਲੇ। ਉਸ ਤੋਂ ਹੋਰ ਪੁੱਛਗਿੱਛ ਕਰਨ ਅਤੇ ਇਸ ਵਿੱਚ ਸ਼ਾਮਲ ਹੋਰ ਲੋਕਾਂ ਦੀ ਜਾਣਕਾਰੀ ਲੈਣ ਲਈ ਬਣਦੀ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਏ ਸੀ ਪੀ ਦੇ ਛਾਪਾ ਮਾਰਨ ਤੋਂ ਆਪ ਪਾਰਟੀ ਦੀ ਵਿਧਾਇਕਾ ਖਿਝ ਗਈ



ਲੁਧਿਆਣਾ, 14 ਜੁਲਾਈ (ਪੋਸਟ ਬਿਊਰੋ)- ਹਲਕਾ ਦੱਖਣੀ ਵਿੱਚ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਲਈ ਜਦੋਂ ਛਾਪਾ ਮਾਰਿਆ ਗਿਆ ਤਾਂ ਛਾਪਾ ਮਾਰਨ ਵਾਲੀ ਮਹਿਲਾ ਆਈ ਪੀ ਐਸ ਅਧਿਕਾਰੀ ਨੂੰ ਵਿਰੋਧ ਸਹਿਣਾ ਪਿਆ।

ਮਿਲੀ ਜਾਣਕਾਰੀ ਅਨੁਸਾਰ ਉਚ ਅਧਿਕਾਰੀਆਂ ਦੇ ਹੁਕਮ ਉੱਤੇ ਮਹਿਲਾ ਆਈ ਪੀ ਐਸ ਅਧਿਕਾਰੀ ਜੋਤੀ ਯਾਦਵ ਆਪਣੀ ਟੀਮ ਨਾਲ ਹਲਕਾ ਦੱਖਣੀ ਇਲਾਕੇ ਵਿੱਚ ਗਏ ਤਾਂ ਉਥੇ ਆਮ ਆਦਮੀ ਪਾਰਟੀ ਦੀ ਵਿਧਾਇਕਾ ਰਾਜਿੰਦਰਪਾਲ ਕੌਰ ਛੀਨਾ ਵੀ ਪੁੱਜ ਗਏ। ਵਿਧਾਇਕਾ ਨੇ ਆਈ ਪੀ ਐਸ ਅਧਿਕਾਰੀ ਏ ਸੀ ਪੀ ਜੋਤੀ ਯਾਦਵ ਨੂੰ ਬਾਜ਼ਾਰ ਵਿੱਚ ਘੇਰ ਕੇ ਕਿਹਾ ਕਿ ਉਹ ਕਿਸ ਤੋਂ ਪੁੱਛ ਕੇ ਉਨ੍ਹਾਂ ਦੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਲਈ ਆਏ ਹਨ ਅਤੇ ਇਸ ਬਾਰੇ ਉਨ੍ਹਾਂ ਨੂੰ ਸੂਚਨਾ ਕਿਉਂ ਨਹੀਂ ਦਿੱਤੀ ਗਈ। ਏ ਸੀ ਪੀ ਨੇ ਜਵਾਬ ਦੱਸਿਆ ਕਿ ਉਹ ਪੁਲਸ ਕਮਿਸ਼ਨਰ ਡਾਕਟਰ ਕੌਸਤੁਭ ਸ਼ਰਮਾ ਦੇ ਕਹਿਣ ਉੱਤੇ ਆਏ ਹਨ ਤਾਂ ਵਿਧਾਇਕਾ ਨੇ ਕਿਹਾ ਕਿ ਪੁਲਸ ਕਮਿਸ਼ਨਰ ਦਾ ਸਿੱਧਾ ਹੁਕਮ ਹੈ ਕਿ ਕਿਸੇ ਵੀ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਉਣ ਬਾਰੇ ਹਲਕਾ ਵਿਧਾਇਕ ਨੂੰ ਦੱਸਿਆ ਜਾਵੇ। ਵਿਧਾਇਕਾ ਨੇ ਕਿਹਾ ਕਿ ਹਲਕੇ ਵਿੱਚ ਪੁਲਸ ਦਾ ਛਾਪਾ ਮਾਰਨਾ ਚੰਗੀ ਗੱਲ ਹੈ, ਪਰਵਿਧਾਇਕ ਨੂੰ ਨਾਲ ਲੈਂਦੇ ਤਾਂ ਵਧੀਆ ਹੁੰਦਾ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲੇ ਸ਼ੱਕੀ ਵਿਅਕਤੀਆਂ ਬਾਰੇ ਲੋਕ ਪੁਲਸ ਨੂੰ ਦੱਸਣ ਤੋਂ ਗੁਰੇਜ਼ ਕਰਦੇ ਹਨ, ਪਰ ਵਿਧਾਇਕ ਨਾਲ ਖੁੱਲ੍ਹ ਕੇ ਗੱਲ ਕਰ ਲੈਂਦੇ ਹਨ।ਵਿਧਾਇਕਾ ਨੇ ਕਿਹਾ ਕਿ ਇਲਾਕੇ ਵਿੱਚ ਪੁਲਸ ਦਾ ਅਚਾਨਕ ਆਉਣਾ ਤੇ ਘਰਾਂ ਵਿੱਚ ਦਾਖਲ ਹੋਣਾ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਦਾ ਹੈ, ਇਸ ਲਈ ਵਿਧਾਇਕ ਨੂੰ ਨਾਲ ਲੈ ਕੇ ਜਾਣਾ ਚਾਹੀਦਾ ਹੈ।

## ਇੱਕੋ ਪਰਵਾਰ ਦੀਆਂ ਚਾਰ ਨਾਬਾਲਗ਼ ਕੁੜੀਆਂ ਲਾਪਤਾ



ਲੁਧਿਆਣਾ, 14 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਜਨਤਾ ਨਗਰ ਇਲਾਕੇ ਵਿੱਚੋਂ ਚਾਰ ਨਾਬਾਲਗ ਕੁੜੀਆਂ ਲਾਪਤਾ ਹੋ ਗਈਆਂ ਹਨ, ਜਿਨ੍ਹਾਂ ਦੀ ਉਮਰ 14 ਸਾਲ ਤੋਂ 16 ਸਾਲ ਦੇ ਵਿਚਾਲੇ ਹੈ, ਲਾਪਤਾ ਚਾਰੋਂ ਕੁੜੀਆਂ ਇੱਕੋ ਹੀ ਪਰਵਾਰ ਨਾਲ ਸਬੰਧਤ ਹਨ, ਜਿਨ੍ਹਾਂ ਵਿੱਚ ਦੋ ਸਕੀਆਂ ਭੈਣਾਂ ਤੇ ਦੋ ਚਾਚੇ ਦੀਆਂ ਕੁੜੀਆਂ ਹਨ। ਕੁੜੀਆਂ ਦੀ ਮਾਂ ਨੇ ਦੱਸਿਆ ਕਿ ਕੱਲ੍ਹ ਸ਼ਾਮ ਤੋਂ ਕੁੜੀਆਂ ਲਾਪਤਾ ਹਨ, ਉਨ੍ਹਾਂ ਕੋਲ ਕੋਈ ਮੋਬਾਈਲ ਫ਼ੋਨ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਰਾ ਪਰਵਾਰ ਡਰਿਆ ਹੋਇਆ ਹੈ। ਇਹ ਪੂਰਾ ਪਰਵਾਰ ਨੇਪਾਲ ਨਾਲ ਸਬੰਧਤ ਹੈ ਅਤੇ ਨੇੜੇ-ਤੇੜੇ ਦੇ ਇਲਾਕਿਆਂ ਵਿੱਚ ਦਿਹਾੜੀ ਦਾ ਕੰਮ ਕਰਦੇ ਸਨ। ਕੁੜੀਆਂ ਦੇ ਪਿਤਾ ਨੇ ਕਿਹਾ ਕਿ ਇਹ ਕਿਸੇ ਦਲਾਲ ਦਾ ਕੰਮ ਵੀ ਹੋ ਸਕਦਾ ਹੈ, ਇਸ ਬਾਰੇ ਉਨ੍ਹਾਂ ਨੂੰ ਪਤਾ ਨਹੀਂ। ਪੀੜਤ ਮਾਂਵਾਂ ਨੇ ਪੁਲਸ ਨੂੰ ਫ਼ਰਿਆਦ ਕੀਤੀ ਕਿ ਉਨ੍ਹਾਂ ਦੀਆਂ ਬੇਟੀਆਂ ਨੂੰ ਜਲਦੀ ਲੱਭਿਆ ਜਾਵੇ। ਥਾਣਾ ਡਿਵੀਜ਼ਨ ਨੰਬਰ ਛੇ ਦੀ ਐਸ ਐਚ ਓ ਮਧੂਬਾਲਾ ਨੇ ਦੱਸਿਆ ਕਿ ਕੱਲ੍ਹ ਤੋਂ ਲਾਪਤਾ ਚਾਰ ਕੁੜੀਆਂ ਸਬੰਧੀ ਪਰਵਾਰ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈਤਾਂ ਪੁਲਸ ਨੇ ਇਲਾਕੇ ਅੰਦਰ ਤਲਾਸ਼ੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਨੇੜਲੇ ਇਲਾਕੇ ਦੀਆਂ ਫ਼ੈਕਟਰੀਆਂ ਦੀ ਸੀ ਸੀ ਟੀ ਵੀ ਫੁਟੇਜ ਵੇਖੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਕੁੜੀਆਂ ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ ਤੋਂ ਲਾਪਤਾ ਹੋਈਆਂ ਹਨ।

## ਸੜਕ ਹਾਦਸੇ ਵਿੱਚ ਮਾਂ-ਪੁੱਤਰ ਦੀ ਮੌਤ, ਦੋ ਹੋਰ ਜ਼ਖਮੀ

ਖਰੜ, 14 ਜੁਲਾਈ (ਪੋਸਟ ਬਿਊਰੋ)- ਖਰੜ-ਮੋਰਿੰਡਾ ਰੋਡ ਉੱਤੇ ਪਿੰਡ ਘੜੂੰਆਂ ਨੇੜੇ ਇੱਕ ਕਾਰ ਤੇ ਮੋਟਰ ਸਾਈਕਲ ਦੀ ਟੱਕਰ ਵਿੱਚ ਇੱਕ ਔਰਤ ਤੇ ਉਸ ਦੇ ਚਾਰ ਸਾਲਾ ਬੱਚੇ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਮੋਟਰ ਸਾਈਕਲ ਸਵਾਰ ਇੱਕ ਜੋੜਾ ਆਪਣੇ ਦੋ ਬੱਚਿਆਂ ਨਾਲ ਖਰੜ ਵੱਲੋਂ ਆ ਰਿਹਾ ਸੀ, ਜਿਨ੍ਹਾਂ ਨੂੰ ਪਿੰਡ ਘੜੂੰਆਂ ਨੇੜੇ ਪਿੱਛਿਓਂ ਆਈ ਇੱਕ ਤੇਜ਼ ਰਫਤਾਰ ਕਾਰ ਨੇ ਟੱਕਰ ਮਾਰ ਦਿੱਤੀ। ਟੱਕਰ ਨਾਲ ਮੋਟਰ ਸਾਈਕਲ ਸਵਾਰ ਸਾਰੇ ਸਵਾਰ ਜਣੇ ਡਿੱਗ ਪਏ। ਹਾਦਸੇ ਵਿੱਚ ਸੰਦੀਪ ਕੌਰ ਅਤੇ ਚਾਰ ਸਾਲਾ ਨਿਸ਼ਾਨ ਸਿੰਘ ਦੀ ਮੌਤ ਹੋ ਗਈ। ਮ੍ਰਿਤਕਾ ਦੇ ਭਰਾ ਮਨਪ੍ਰੀਤ ਸਿੰਘ ਪਿੰਡ ਮੜੌਲੀ ਕਲਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਜੀਜਾ ਸ਼ਿੰਗਾਰਾ ਸਿੰਘ, ਭੈਣ ਸੰਦੀਪ ਕੌਰ ਤੇ ਦੋ ਭਾਣਜੇ ਨਿਸ਼ਾਨ ਸਿੰਘ ਤੇ ਪਰਮਵੀਰ ਸਿੰਘ ਮੋਟਰ ਸਾਈਕਲ ਉੱਤੇ ਜਾ ਰਹੇ ਸਨ, ਜਿਨ੍ਹਾਂ ਨੂੰ ਕਾਰ ਨੇ ਟੱਕਰ ਮਾਰ ਦਿੱਤੀ। ਗੰਭੀਰ ਜ਼ਖਮੀ ਹਾਲਤ ਵਿੱਚ ਚਾਰਾਂ ਨੂੰ ਲੋਕਾਂ ਨੇ ਘੜੂੰਆਂ ਦੇ ਇੱਕ ਨਿੱਜੀ ਹਸਪਤਾਲ ਪੁਚਾਇਆ, ਜਿੱਥੇ ਸੰਦੀਪ ਕੌਰ ਤੇ ਨਿਸ਼ਾਨ ਸਿੰਘ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਅਤੇ ਸ਼ਿੰਗਾਰਾ ਸਿੰਘ ਤੇ ਪੰਜ ਮਹੀਨਿਆਂ ਦਾ ਪਰਮਵੀਰ ਸਿੰਘ ਜ਼ੇਰੇ ਇਲਾਜ ਹਨ। ਪੁਲਸ ਵੱਲੋਂ ਕਾਰ ਦੇ ਚਾਲਕ ਖਿਲਾਫ ਕੇਸ ਦਰਜ ਕਰ ਲਿਆ ਹੈ।

## ਆਨਲਾਈਨ ਗੇਮ ਨੇ ਦੋ ਨੌਜਵਾਨਾਂ ਦੀ ਜਾਨ ਲੈ ਲਈ



ਲੁਧਿਆਣਾ, 14 ਜੁਲਾਈ (ਪੋਸਟ ਬਿਊਰੋ)- ਇੰਟਰਨੈਟ ਮੀਡੀਆ ਉੱਤੇ ਆਨਲਾਈਨ ਗੇਮਾਂ ਪਬਜੀ ਅਤੇ ਫ੍ਰੀ ਫਾਇਰ ਖੇਡਣ ਵਾਲੇ ਲੁਧਿਆਣੇ ਦੇ ਦੋ ਨੌਜਵਾਨਾਂ ਨੇ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਹੋ ਕੇ ਫਾਂਸੀ ਲਾ ਕੇ ਆਪਣੀ ਜਾਨ ਦੇ ਦਿੱਤੀ। ਦੋਵੇਂ ਨੌਜਵਾਨ ਲਗਾਤਾਰ ਇੰਟਰਨੈਟ ਮੀਡੀਆ ਉੱਤੇ ਇਹ ਗੇਮਾਂ ਖੇਡਣ ਕਾਰਨ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਗਏ ਸਨ। ਦੋਵੇਂ ਨੌਜਵਾਨ ਜ਼ਿਲ੍ਹੇ ਦੇ ਦਰੇਸੀ ਇਲਾਕੇ ਦੇ ਵਸਨੀਕ ਸਨ। ਘਟਨਾ ਦੇ ਸਮੇਂ ਦੋਵਾਂ ਨੌਜਵਾਨਾਂ ਦੇ ਪਰਵਾਰਕ ਜੀਅ ਘਰੋਂ ਬਾਹਰ ਸਨ ਅਤੇ ਪਿੱਛੋਂ ਉਨ੍ਹਾਂ ਨੇ ਉਹ ਕਦਮ ਚੁੱਕ ਲਿਆ।

ਨਿਊ ਸ਼ਿਵਪੁਰੀ ਦੇ ਰਹਿਣ ਵਾਲੇ 24 ਸਾਲਾ ਸੁਮਿਤ ਕੁਮਾਰ ਨੇ ਕੱਲ੍ਹ ਸਵੇਰੇ ਘਰ ਵਿੱਚ ਆਪਣੇ ਕਮਰੇ ਵਿੱਚ ਪੱਖੇ ਦੀ ਕੁੰਡੀ ਨਾਲ ਕੱਪੜਾ ਬੰਨ੍ਹ ਕੇ ਫਾਂਸੀ ਲਾ ਲਈ। ਦੁਪਹਿਰ ਬਾਅਦ ਜਦ ਉਸ ਦਾ ਛੋਟਾ ਭਰਾ ਕੇਸ਼ਵ ਆਇਆ ਤਾਂ ਉਸ ਨੇ ਸੁਮਿਤ ਨੂੰ ਫਾਂਸੀ ਉੱਤੇ ਲਟਕਿਆ ਦੇਖਿਆ। ਉਸ ਨੇ ਦੱਸਿਆ ਕਿ ਸੁਮਿਤ ਇੱਕ ਧਾਗਾ ਫੈਕਟਰੀ ਵਿੱਚ ਠੇਕੇਦਾਰੀ ਕਰਦਾ ਸੀ। ਉਹ ਮੋਬਾਈਲ ਉੱਤੇ ਪਬਜੀ ਗੇਮ ਖੇਡਦਾ ਸੀ ਅਤੇ ਘਰ ਵਿੱਚ ਵਾਈਫਾਈ ਲਵਾ ਰੱਖਿਆ ਸੀ। ਆਨਲਾਈਨ ਗੇਮ ਖੇਡਣ ਦੇ ਕਾਰਨ ਉਹ ਪਿਛਲੇ ਕੁਝ ਦਿਨ ਤੋਂ ਤਣਾਅ ਵਿੱਚ ਸੀ। ਇਸੇ ਪ੍ਰੇਸ਼ਾਨੀ ਕਾਰਨ ਉਸ ਨੇ ਪਰਵਾਰਕ ਮੈਂਬਰਾਂ ਦੀ ਗੈਰ ਮੌਜੂਦਗੀ ਵਿੱਚ ਫਾਂਸੀ ਲਗਾ ਲਈ।

ਦੂਸਰੇ ਪਸੇ ਦਰੇਸੀ ਇਲਾਕੇ ਦੇ ਕ੍ਰਿਪਾਲ ਨਗਰ ਵਿੱਚ 28 ਸਾਲਾ ਨੌਜਵਾਨ ਜਤਿੰਦਰ ਸਿੰਘ ਨੇ ਮਾਨਸਿਕ ਪ੍ਰੇਸ਼ਾਨੀ ਵਿੱਚ ਫਾਂਸੀ ਲਾ ਕੇ ਖੁਦਕੁਸ਼ੀ ਕਰ ਲਈ। ਗੁਆਂਢੀਆਂ ਨੇ ਪੁਲਸ ਨੂੰ ਘਟਨਾ ਬਾਰੇ ਦੱਸਿਆ। ਜਤਿੰਦਰ ਦੇ ਘਰ ਦੇ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਵਿੱਚ ਇੱਕ ਵਿਆਹ ਵਿੱਚ ਗਏ ਸਨ। ਉਸ ਦੇ ਪਰਵਾਰ ਨੇ ਦੱਸਿਆ ਕਿ ਜਤਿੰਦਰ ਇੰਟਰਨੈਟ ਉੱਤੇ ਆਨਲਾਈਨ ਗੇਮ ਫ੍ਰੀ ਫਾਇਰ ਖੇਡਦਾ ਸੀ। ਇਸ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗਾ ਸੀ। ਬੀਤੇ ਕਰੀਬ ਡੇਢ ਮਹੀਨੇ ਤੋਂ ਮਨੋਵਿਗਿਆਨੀ ਤੋਂ ਉਸ ਦੀ ਦਵਾਈ ਚੱਲ ਰਹੀ ਸੀ।ਚੇਤੇ ਰਹੇ ਕਿ 2020 ਦੀ ਜੁਲਾਈ ਵਿੱਚ ਜਲੰਧਰ ਦੇ ਬਸਤੀ ਸ਼ੇਖ਼ ਵਿੱਚ ਕੈਮਿਸਟ ਦੇ ਬੇਟੇ ਨੇ ਪਬਜੀ ਖੇਡਣ ਤੋਂ ਰੋਕਣ ਉੱਤੇ ਖੁਦ ਨੂੰ ਰਿਵਾਲਵਰ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਏ ਸੀ। ਇਸੇ ਸਾਲ 15 ਸਾਲ ਦੇ ਲੜਕੇ ਨੇ ਮੋਹਾਲੀ ਵਿੱਚ ਪਬਜੀ ਗੇਮ ਖੇਡਣ ਲਈ ਆਪਣੇ ਦਾਦਾ ਦੇ ਅਕਾਊਂਟ ਵਿੱਚੋਂ ਦੋ ਲੱਖ ਰੁਪਏ ਖਰਚ ਕਰ ਦਿੱਤੇ। ਇਸ ਤੋਂ ਪਹਿਲਾਂ ਵੀ ਪੰਜਾਬ ਦੇ ਇੱਕ ਬੱਚੇ ਨੇ ਪਿਤਾ ਦੇ ਬੈਂਕ ਅਕਾਊਂਟ ਵਿੱਚੋਂ 16 ਲੱਖ ਰੁਪਏ ਪਬਜੀ ਵਿੱਚ ਉਡਾ ਦਿੱਤੇ ਸਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW



# ਬੁਲਡੋਜ਼ਰ ਵਾਲੀ ਕਾਰਵਾਈ ਉੱਤੇ ਰੋਕਣ ਤੋਂ ਸੁਪਰੀਮ ਕੋਰਟ ਦੀ ਨਾਂਹ



ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਵਿੱਚ ਬੁਲਡੋਜ਼ਰਾਂ ਉੱਤੇ ਰੋਕ ਲਾਉਣ ਦੀ ਮੰਗ ਕਰਨ ਵਾਲੀ ਜਮੀਅਤ ਉਲੇਮਾ-ਏ-ਹਿੰਦ ਦੀ ਪਟੀਸ਼ਨ ਉੱਤੇ ਕੱਲ੍ਹ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਈ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਪੀ ਐਸ ਨਰਸਿਮਹਾ ਦੇ ਬੈਂਚ ਨੇ ਇਸ ਦੀ ਸੁਣਵਾਈ ਦੌਰਾਨ ਕਿਹਾ ਕਿ ਸੂਬਾ ਸਰਕਾਰ ਨੇ ਨਗਰ ਨਿਗਮ ਦੇ ਕਾਨੂੰਨ ਤੇ ਨਿਯਮਾਂ ਮੁਤਾਬਕ ਕਾਰਵਾਈ ਕਰਨ ਦਾ ਜਵਾਬ ਦਿੱਤਾ ਹੈ। ਬੁਲਡੋਜ਼ਰ ਦੀ ਕਾਰਵਾਈ ਉੱਤੇ ਕੋਈ ਪਾਬੰਦੀ ਨਹੀਂ ਹੋਵੇਗੀ। ਸੁਪਰੀਮ ਕੋਰਟ ਨੇ ਬੁਲੋਡਜ਼ਰ ਦੀ ਕਾਰਵਾਈ ਉੱਤੇ ਰੋਕ ਲਾਉਣ ਦੀ ਜਮੀਅਤ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਸੁਪਰੀਮ ਕੋਰਟ ਨੇ ਅਗਲੀ ਸੁਣਵਾਈ ਦੀ ਤਰੀਕ 10 ਅਗਸਤ ਦਿੱਤੀ ਹੈ।

ਕਾਨਪੁਰ ਅਤੇ ਪ੍ਰਯਾਗਰਾਜ ਪ੍ਰਸ਼ਾਸਨ ਦੀ ਤਰਫ਼ੋਂ ਸੀਨੀਅਰ ਵਕੀਲ ਹਰੀਸ਼ ਸਾਲਵੇ ਪੇਸ਼ ਹੋਏ। ਦੂਜੇ ਪਾਸੇ ਯੂ ਪੀ ਸਰਕਾਰ ਵੱਲੋਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਪੇਸ਼ ਹੋਏ। ਪਟੀਸ਼ਨਰ ਵੱਲੋਂ ਆਏ ਵਕੀਲ ਦੁਸ਼ਯੰਤ ਦਵੇ ਨੇ ਕਿਹਾ ਕਿ ਅਖ਼ਬਾਰ ਦੀ ਰਿਪੋਰਟ ਮੁਤਾਬਕ ਅਸਾਮ ਵਿੱਚ ਕਤਲ ਦੇ ਦੋਸ਼ੀ ਦਾ ਘਰ ਢਾਹ ਦਿੱਤਾ ਗਿਆ ਸੀ। ਇਹ ਬੰਦ ਹੋਣਾ ਚਾਹੀਦਾ ਹੈ। ਇਸ ਮਾਮਲੇ ਵਿੱਚ ਵਿਸਥਾਰਤ ਸੁਣਵਾਈ ਦੀ ਲੋੜ ਹੈ।ਸੁਪਰੀਮ ਕੋਰਟ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਸੁਣਵਾਈ 10 ਅਗਸਤ ਨੂੰ ਕਰੇਗੀ। ਸਭ ਧਿਰਾਂ 8 ਅਗਸਤ ਤਕ ਆਪਣਾ ਜਵਾਬ ਪੇਸ਼ ਕਰ ਸਕਦੀਆਂ ਹਨ। ਅਦਾਲਤ ਨੇ ਮੱਧ ਪ੍ਰਦੇਸ਼ ਅਤੇ ਗੁਜਰਾਤ ਸਰਕਾਰਾਂ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਦੁਸ਼ਯੰਤ ਦਵੇ ਨੇ ਦੋਸ਼ ਲਾਇਆ ਕਿ ਪਿਕ ਐਂਡ ਚੂਜ਼ ਦੀ ਨੀਤੀ ਅਪਣਾਈ ਜਾ ਰਹੀ ਹੈ ਅਤੇ ਇੱਕ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਾਲਿਸਟਰ ਜਨਰਲ ਨੇ ਇਤਰਾਜ ਕਰਦਿਆਂ ਕਿਹਾ ਕਿ ਸਾਰੇ ਭਾਰਤੀ ਭਾਈਚਾਰਾ ਹਨ, ਤੁਸੀਂ ਏਦਾਂ ਬਹਿਸ ਨਹੀਂ ਕਰ ਸਕਦੇ। ਪਟੀਸ਼ਨਰ ਦੇ ਵਕੀਲ ਦਵੇ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਤੁਸੀਂ ਦੇਖਦੇ ਹੋ ਕਿ ਦਿੱਲੀ ਦੇ ਲੱਗਭਗ ਸਾਰੇ ਫਾਰਮ ਹਾਊਸ ਗ਼ੈਰ-ਕਾਨੂੰਨੀ ਹਨ, ਪਰ ਉਨ੍ਹਾਂ ਉੱਤੇ ਕਾਰਵਾਈ ਨਹੀਂ ਹੁੰਦੀ। ਦਵੇ ਨੇ ਅਦਾਲਤ ਨੂੰ ਕਿਹਾ ਕਿ ਬੁਲਡੋਜ਼ਰ ਦੀ ਕਾਰਵਾਈ ਨੂੰ ਰੋਕਿਆ ਜਾਵੇ, ਪਰ ਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਅਜਿਹਾ ਹੁਕਮ ਕਿਵੇਂ ਦਿੱਤਾ ਜਾ ਸਕਦਾ ਹੈ? ਪਟੀਸ਼ਨਰ ਦੇ ਵਕੀਲ ਦਵੇ ਨੇ ਕਿਹਾ ਕਿ ਅਜਿਹੀ ਕਾਰਵਾਈ ਕਿਸੇ ਸਮਾਜ ਲਈ ਠੀਕ ਨਹੀਂ ਹੈ। ਯੂ ਪੀ ਸਰਕਾਰ ਦੀ ਤਰਫ਼ੋਂ ਹਰੀਸ਼ ਸਾਲਵੇ ਨੇ ਕਿਹਾ ਕਿ ਕੀ ਅਦਾਲਤ ਨਗਰ ਨਿਗਮ ਦੇ ਨਿਯਮਾਂ ਤਹਿਤ ਕੀਤੀ ਗਈ ਕਾਰਵਾਈ ਵਿਰੁੱਧ ਹੁਕਮ ਦੇਵੇਗੀ? ਅਖ਼ਬਾਰ ਵਿੱਚ ਛਪੀ ਖ਼ਬਰ ਨੂੰ ਆਧਾਰ ਮੰਨ ਕੇਏਦਾਂ ਨਹੀਂ ਹੋ ਸਕਦਾ ਕਿ ਜੇ ਕੋਈ ਦੋਸ਼ੀ ਹੈ ਤਾਂ ਨਿਗਮ ਦੇ ਨਿਯਮਾਂ ਮੁਤਾਬਕ ਉਸ ਦਾ ਘਰ ਨਹੀਂ ਢਾਹਿਆ ਜਾ ਸਕਦਾ।

# ਲਾਰੈਂਸ ਦੇ ਭਾਣਜੇ ਅਤੇ ਹੋਰ ਗੈਂਗਸਟਰਾਂ ਦੇ ਪਾਸਪੋਰਟ ਬਣਾਉਣ ਵਾਲੇ ਪੰਜ ਗ੍ਰਿਫਤਾਰ

ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਫਰਜ਼ੀ ਪਾਸਪੋਰਟ ਅਤੇ ਹੋਰ ਦਸਤਾਵੇਜ਼ ਬਣਾਉਣ ਵਾਲੇ ਗੈਂਗ ਦਾ ਪਰਦਾਫਾਸ਼ ਕਰ ਕੇ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਗੈਂਗ ਦੇ ਤਾਰ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਨਾਲ ਵੀ ਜੁੜੇ ਹੋਏ ਹਨ। ਇਨ੍ਹਾਂ ਨੇ ਗੈਂਗਸਟਰ ਸਚਿਨ ਥਾਪਨ ਅਤੇ ਹੋਰਾਂ ਗੈਂਗਸਟਰਾਂ ਦੇ ਫਰਜ਼ੀ ਪਾਸਪੋਰਟ ਬਣਾਏ ਹਨ। ਸਚਿਨ ਥਾਪਨ ਲਾਰੈਂਸ ਬਿਸ਼ਨੋਈ ਦਾ ਭਾਣਜਾ ਹੈ ਅਤੇ ਉਹ ਸਿੱਧੂ ਮੂਸੇਵਾਲਾ ਦੇ ਕਤਲ ਸ਼ਾਮਲ ਸੀ।





ਦੱਖਣੀ ਦਿੱਲੀ ਜ਼ਿਲ੍ਹੇ ਦੀ ਪੁਲਸ ਕਮਿਸ਼ਨਰ ਬੇਨਿਤਾ ਮੇਰੀ ਜੈਕਰ ਨੇ ਦੱਸਿਆ ਕਿ ਚਾਰ ਜੁਲਾਈ ਨੂੰ ਰਾਹੁਲ ਦੀਆਂ ਸਰਗਰਮੀਆਂ ਦੀ ਸੂਚਨਾ ਮਿਲੀ ਕਿ ਉਹ ਲਾਰੈਂਸ ਬਿਸ਼ਨੋਈ ਗਿਰੋਹ ਦੇ ਮੈਂਬਰਾਂ ਦੇ ਸੰਪਰਕ ਵਿੱਚ ਹੈ। ਇਸ ਪਿੱਛੋਂ ਇੱਕ ਟੀਮ ਨੇ ਕਾਰ ਵਿੱਚ ਸਵਾਰ ਰਾਹੁਲ ਸਰਕਾਰ ਨੂੰ ਫੜ ਲਿਆ। ਉਸ ਤੋਂ ਭਰੀ ਪਿਸਤੌਲ ਤੇ ਕਾਰਤੂਸ ਮਿਲੇ। ਪੁਲਸ ਨੇ ਉਸ ਦੇ ਸਾਥੀਆਂ ਅਰਜਿਤ ਕੁਮਾਰ, ਨਵਨੀਤ ਪ੍ਰਜਾਪਤੀ, ਸੋਮਨਾਥ ਪ੍ਰਜਾਪਤੀ ਤੇ ਇੱਕ ਔਰਤ ਨੂੰ ਗ੍ਰਿਫਤਾਰ ਕੀਤਾ।ਪੁੱਛਗਿੱਛ ਵਿੱਚ ਰਾਹੁਲ ਨੇ ਮੰਨਿਆ ਕਿ ਉਹ ਲਾਰੈਂਸ ਬਿਸ਼ਨੋਈ ਗੈਂਗ ਸਮੇਤ ਕਈ ਗੈਂਗਾਂ ਦੇ ਸੰਪਰਕ ਵਿੱਚ ਸੀ ਤੇ ਉਸ ਨੇ ਸਚਿਨ ਥਾਪਨ ਦਾ ਫਰਜ਼ੀ ਪਾਸਪੋਰਟ ਸੰਗਮ ਵਿਹਾਰ ਵਾਸੀ ਤਿਲਕ ਰਾਜ ਟੋਟੇਜਾ ਵਜੋਂ ਬਣਵਾਇਆ ਸੀ। ਅਰਜਿਤ ਨੇ ਉਸ ਨੂੰ ਫਰਜ਼ੀ ਪਾਸਪੋਰਟ ਬਣਾਉਣ ਦਾ ਕੰਟ੍ਰੈਕਟ ਦਿੱਤਾ ਸੀ। ਹਰੇਕ ਪਾਸ-ਪੋਰਟ ਲਈ ਰਾਹੁਲ ਨੂੰ ਡੇਢ ਲੱਖ ਰੁਪਏ ਮਿਲੇ ਸਨ।

# ਭਾਜਪਾ ਨੇ ਮੇਰੇ ਖ਼ਿਲਾਫ਼ 'ਇੱਕ ਪਿੱਛੋਂ ਦੂਜਾ ਝੂਠ' ਫੈਲਾਇਆ: ਅੰਸਾਰੀ

ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ) - ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਨੇ ਕੱਲ੍ਹ ਇਸ ਕਹਾਣੀ ਦਾ ਖੰਡਨ ਕੀਤਾ ਕਿ ਉਨ੍ਹਾਂ ਨੇ ਇੱਕ ਪਾਕਿਸਤਾਨੀ ਪੱਤਰਕਾਰ ਨੂੰ ਭਾਰਤ ਸੱਦਿਆ ਸੀ, ਜਿਸ ਨੇ ਆਈ ਐਸ ਆਈ ਲਈ ਜਾਸੂਸੀ ਕਰਨ ਦਾ ਦਾਅਵਾ ਕੀਤਾ ਹੈ। ਅੰਸਾਰੀ ਨੇ ਕਿਹਾ ਕਿ ਉਨ੍ਹਾਂ ਦੇ ਖ਼ਿਲਾਫ਼ ਮੀਡੀਆ ਦੇ ਇੱਕ ਤਬਕੇ ਤੇ ਭਾਜਪਾ ਦੇ ਇੱਕ ਬੁਲਾਰੇ ਵੱਲੋਂ 'ਇੱਕ ਤੋਂ ਬਾਅਦ ਇੱਕ ਝੂਠ' ਫੈਲਾਇਆ ਜਾਂਦਾ ਰਿਹਾ ਹੈ।

ਹਾਮਿਦ ਅੰਸਾਰੀ ਨੇ ਇੱਕ ਬਿਆਨ ਜਾਰੀ ਕਰਕੇ ਭਾਜਪਾ ਵੱਲੋਂ ਰਾਅ ਦੇ ਇੱਕ ਸਾਬਕਾ ਅਫਸਰ ਦੀਆਂ ਟਿੱਪਣੀਆਂ ਦੇ ਹਵਾਲੇ ਨਾਲ ਲਾਏ ਗਏ ਇਨ੍ਹਾਂ ਦੋਸ਼ਾਂ ਨੂੰ ਵੀ ਰੱਦ ਕੀਤਾ ਕਿ ਉਨ੍ਹਾਂ ਈਰਾਨ ਵਿੱਚ ਭਾਰਤ ਦੇ ਰਾਜਦੂਤ ਹੁੰਦੇ ਹੋਏ ਦੇਸ਼ ਦੇ ਹਿੱਤਾਂ ਨਾਲ ਸਮਝੌਤਾ ਕੀਤਾ ਸੀ। ਇਸ ਤੋਂ ਪਹਿਲਾਂ ਬੀਤੇ ਦਿਨ ਭਾਜਪਾ ਦੇ ਬੁਲਾਰੇ ਗੌਰਵ ਭਾਟੀਆ ਨੇ ਪਾਕਿਸਤਾਨੀ ਪੱਤਰਕਾਰ ਨੁਸਰਤ ਮਿਰਜ਼ਾ ਦੇ ਉਸ ਦਾਅਵੇ ਬਾਰੇ ਅੰਸਾਰੀ ਅਤੇ ਕਾਂਗਰਸ ਤੋਂ ਸਪੱਸ਼ਟੀਕਰਨ ਮੰਗਿਆ ਸੀ, ਜਿਸ ਵਿੱਚ ਉਸ ਨੇ ਕਿਹਾ ਹੈ ਕਿ ਉਸ ਨੇ ਯੂ ਪੀ ਏ ਸਰਕਾਰ ਦੇ ਰਾਜ ਵਿੱਚ ਪੰਜ ਵਾਰ ਭਾਰਤ ਦੀ ਯਾਤਰਾ ਕੀਤੀ ਤੇ ਇੱਥੋਂ ਮਿਲੀਆਂ ਕੀਤੀਆਂ ਸੰਵੇਦਨਸ਼ੀਲ ਸੂਚਨਾਵਾਂ ਆਪਣੇ ਦੇਸ਼ ਦੀ ਖ਼ੁਫੀਆ ਏਜੰਸੀ ਆਈ ਐਸ ਆਈ ਨੂੰ ਦਿੱਤੀਆਂ ਸਨ।ਭਾਟੀਆ ਨੇ ਪਾਕਿਸਤਾਨੀ ਪੱਤਰਕਾਰ ਦੀ ਉਸ ਟਿੱਪਣੀ ਦਾ ਵੀ ਜ਼ਿਕਰ ਕੀਤਾ ਕਿ ਉਸ ਨੇ ਅੰਸਾਰੀ ਦੇ ਸੱਦੇ ਉੱਤੇ ਭਾਰਤ ਦੀ ਯਾਤਰਾ ਕੀਤੀ ਸੀ ਅਤੇ ਉਨ੍ਹਾਂ ਨਾਲ ਮੁਲਾਕਾਤ ਵੀ ਕੀਤੀ ਸੀ। ਅੰਸਾਰੀ ਨੇ ਇਨ੍ਹਾਂ ਦਾਅਵਿਆਂ ਨੂੰ ਰੱਦ ਕੀਤਾ ਹੈ।

# ਚੀਨੀ ਕੰਪਨੀ ਓਪੋ ਵੱਲੋਂ 4389 ਕਰੋੜ ਦੀ ਕਸਟਮ ਡਿਊਟੀ ਚੋਰੀ

*** ਵੀਵੋ 950 ਕਰੋੜ ਦੀ ਬੈਂਕ ਗਾਰੰਟੀ ਦੇਵੇ ਤਾਂ ਖਾਤੇ ਖੁੱਲ੍ਹਣਗੇ: ਹਾਈ ਕੋਰਟ**

ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਸ਼ਾਓਮੀ, ਵੀਵੋ ਅਤੇ ਹੁਵਾਵੇ ਪਿੱਛੋਂ ਇੱਕ ਹੋਰ ਚੀਨੀ ਸਮਾਰਟਫੋਨ ਕੰਪਨੀ ਜਾਂਚ ਦੇ ਦਾਇਰੇ ਵਿੱਚ ਆਈ ਹੈ। (ਡੀ ਆਰ ਆਈ) ਨੇ ਓਪੋ ਇੰਡੀਆ ਵੱਲੋਂ 4389 ਕਰੋੜ ਰੁਪਏ ਦੀ ਕਸਟਮ ਡਿਊਟੀ ਦੀ ਚੋਰੀ ਦਾ ਪਤਾ ਲਾਇਆ ਹੈ। ਕੰਪਨੀ ਨੇ ਟੈਕਸ ਦੀ ਚੋਰੀ ਇੰਪੋਰਟ ਦੀਗਲਤ ਜਾਣਕਾਰੀ ਨਾਲ ਕੀਤੀ ਹੈ।

ਵਿੱਤ ਮੰਤਰਾਲੇ ਨੇ ਕੱਲ੍ਹ ਦੱਸਿਆ, ਓਪੋ ਮੋਬਾਈਲਸ ਚੀਨ ਦੀ ਗਵਾਂਗਡੋਂਗ ਓਪੋ ਮੋਬਾਈਲ ਟੈਲੀਕਮਿਊਨੀਕੇਸ਼ਨ ਕਾਰਪੋਰੇਸ਼ਨ ਦੀ ਸਹਿਯੋਗੀ ਕੰਪਨੀ ਹੈ। ਓਪੋ, ਵਨ ਪਲੱਸ ਅਤੇ ਰਿਅਲਮੀ ਬ੍ਰਾਂਡ ਨਾਲ ਫੋਨ ਵੇਚਦੀ ਹੈ। ਡੀ ਆਰ ਆਈ ਨੇ ਜਾਂਚ ਦੌਰਾਨ ਓਪੋ ਇੰਡੀਆਂ ਦੇ ਕਈ ਟਿਕਾਣਿਆਂ ਅਤੇ ਮੈਨੇਜਮੈਂਟ ਦੇ ਅਧਿਕਾਰੀਆਂ ਦੇ ਘਰ ਛਾਪੇਮਾਰੇ ਸਨ। ਇਸ ਦੌਰਾਨ ਮੋਬਾਈਲ ਬਣਾਉਣ ਦੇ ਇੰਪੋਰਟਿਡ ਸਾਮਾਨ ਬਾਰੇ ਜਾਣਬੁੱਝ ਕੇ ਗਲਤ ਸੂਚਨਾ ਦੇਣ ਦੇ ਸਬੂਤ ਮਿਲੇ ਸਨ। ਇਨ੍ਹਾਂ ਦੇ ਜ਼ਰੀਏ ਕੰਪਨੀ ਨੇ 2981 ਕਰੋੜ ਰੁਪਏ ਟੈਕਸ ਛੋਟ ਦਾ ਲਾਭ ਉਠਾਇਆ।

ਦਿੱਲੀ ਹਾਈ ਕੋਰਟ ਨੇ ਵੀਵੋ ਮੋਬਾਈਲ ਇੰਡੀਆ ਨੂੰ ਕਿਹਾ ਕਿ ਜੇ ਉਹ ਈ ਡੀ ਦੁਆਰਾ ਫ੍ਰੀਜ਼ 119 ਬੈਂਕ ਖਾਤੇ ਚਲਾਉਣਾ ਚਾਹੁੰਦੀ ਹੈ ਤਾਂ ਉਸ ਨੂੰ 950 ਕਰੋੜ ਰੁਪਏ ਦੀ ਬੈਂਕ ਗਾਰੰਟੀ ਦੇਣੀ ਹੋਵੇਗੀ। ਨਾਲ ਹੀ ਇਨ੍ਹਾਂ ਖਾਤਿਆਂ ਵਿੱਚ 251 ਕਰੋੜ ਰੁਪਏ ਦਾ ਬੈਲੇਂਸ ਹਮੇਸ਼ਾ ਰੱਖਣਾ ਹੋਵੇਗਾ। ਈ ਡੀ ਨੇ ਪੰਜ ਜੁਲਾਈ ਨੂੰ ਵੀਵੋ ਅਤੇ ਇਸ ਨਾਲ ਜੁੜੀਆਂ 23 ਕੰਪਨੀਆਂ ਦੇ ਇਸ ਦੇਸ਼ ਵਿੱਚ 48 ਟਿਕਾਣਿਆਂ ਉੱਤੇ ਛਾਪੇਮਾਰੀ ਕੀਤੀ ਸੀ।

# ਰੂਬੀਆ ਸਈਦ ਅਗਵਾ ਕੇਸ ਵਿੱਚ ਯਾਸੀਨ ਮਲਿਕ ਨੇ ਗਵਾਹਾਂ ਨਾਲ ਖੁਦ ਜਿਰਹਾ ਕਰਨ ਦੀ ਇਜਾਜ਼ਤ ਮੰਗੀ

ਜੰਮੂ, 14 ਜੁਲਾਈ (ਪੋਸਟ ਬਿਊਰੋ)- ਜੇਲ੍ਹ ਵਿੱਚ ਬੰਦ ਜੇ ਕੇ ਐਲ ਐਫ (ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ) ਦੇ ਮੁਖੀ ਯਾਸੀਨ ਮਲਿਕ ਨੇ ਸੀ ਬੀ ਆਈ ਅਦਾਲਤ ਨੂੰ ਕਿਹਾ ਹੈ ਕਿ ਉਹ ਸਾਬਕਾ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਦ ਦੀ ਬੇਟੀ ਰੂਬੀਆ ਸਈਦ ਦੇ ਅਗਵਾ ਵਾਲੇ ਕੇਸ ਵਿੱਚ ਖੁਦ ਪੇਸ਼ ਹੋ ਕੇ ਗਵਾਹਾਂ ਨਾਲ ਜਿਰਹਾ ਕਰਨਾ ਚਾਹੁੰਦਾ ਹੈ। ਉਸ ਨੇ ਕਿਹਾ ਕਿ ਇਸ ਦੀ ਇਜਾਜ਼ਤ ਨਾ ਮਿਲੀ ਤਾਂ ਉਹ ਭੁੱਖ ਹੜਤਾਲ ਕਰੇਗਾ।



ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀ ਫੰਡਿੰਗ ਦੇ ਇੱਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਯਾਸੀਨ ਮਲਿਕ ਵੀਡੀਓ ਕਾਨਫਰੰਸਿੰਗਰਾਹੀਂ ਅਦਾਲਤ ਅੱਗੇ ਪੇਸ਼ ਹੋਇਆ ਤੇ ਕਿਹਾ ਕਿ ਉਸ ਨੇ ਅਦਾਲਤ ਨੂੰ ਸਿੱਧੇ ਪੇਸ਼ ਹੋਣ ਦੀ ਇਜਾਜ਼ਤ ਲਈ ਸਰਕਾਰ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਨੇ ਕਿਹਾ ਕਿ ਮਲਿਕ ਨੇ ਅਦਾਲਤ ਨੂੰ ਇਹ ਵੀ ਸੂਚਿਤ ਕੀਤਾ ਕਿ ਉਸ ਨੇ ਗਵਾਹਾਂ ਨਾਲ ਖੁਦ ਜਿਰਹਾ ਕਰਨ ਦੀ ਬੇਨਤੀ ਕੀਤੀ ਹੈ ਅਤੇ ਜੇ ਸਰਕਾਰ ਨੇ ਬੇਨਤੀ ਨਾ ਮੰਨੀ ਤਾਂ ਉਹ ਭੁੱਖ ਹੜਤਾਲ ਉੱਤੇ ਬੈਠੇਗਾ। ਅਧਿਕਾਰੀਆਂ ਮੁਤਾਬਕ ਮਲਿਕ ਨੇ ਅਦਾਲਤ ਨੂੰ ਕਿਹਾ ਕਿ ਉਹ 22 ਜੁਲਾਈ ਤਕ ਸਰਕਾਰ ਦੇ ਜਵਾਬ ਦੀ ਉਡੀਕ ਕਰੇਗਾ ਅਤੇ ਇਜਾਜ਼ਤ ਨਾ ਮਿਲੀ ਤਾਂ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰੇਗਾ।

ਬੀਤੇ ਮਈ ਵਿੱਚ ਦਿੱਲੀ ਦੀ ਵਿਸ਼ੇਸ਼ ਐਨ ਆਈ ਏ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਪਿੱਛੋਂ ਜੇ ਕੇ ਐਲ ਐਫ ਦਾ ਮੁਖੀ ਉਚ ਸੁਰੱਖਿਆ ਵਾਲੀ ਤਿਹਾੜ ਜੇਲ੍ਹ ਵਿੱਚ ਹੈ। ਉਸ ਨੂੰ 2017 ਵਿੱਚ ਅੱਤਵਾਦੀ ਫੰਡਿੰਗ ਕੇਸ ਵਿੱਚ 2019 ਦੇ ਸ਼ੁਰੂ ਵਿੱਚ ਐਨ ਆਈ ਏ ਨੇ ਗ੍ਰਿਫਤਾਰ ਕੀਤਾ ਸੀ। ਮੌਜੂਦਾ ਮਾਮਲਾ ਅੱਠ ਸਤੰਬਰ 1989 ਨੂੰ ਜੇ ਕੇ ਐਲ ਆਫ ਵੱਲੋਂ ਰੂਬੀਆ ਸਈਦ ਦੇ ਅਗਵਾ ਕਰਨ ਦਾ ਹੈ। ਭਾਰਤੀ ਜਨਤਾ ਪਾਰਟੀ ਦੇ ਸਮਰਥਨ ਵਾਲੀ ਵੀ ਪੀ ਸਿੰਘ ਸਰਕਾਰ ਨੇ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐਲ ਐਫ) ਦੇ ਪੰਜ ਅੱਤਵਾਦੀ ਰਿਹਾਅ ਕੀਤੇ ਤਾਂ 13 ਦਸੰਬਰ ਨੂੰ ਅਗਵਾਕਾਰਾਂ ਨੇ ਰੂਬੀਆ ਨੂੰ ਛੱਡਿਆ ਸੀ। ਇਹ ਕੇਸ ਠੰਢੇ ਬਸਤੇ ਵਿੱਚ ਚਲਾ ਗਿਆ ਸੀ ਤੇ ਮਲਿਕ ਨੂੰ 2019 ਵਿੱਚ ਐਨ ਆਈ ਏ ਵੱਲੋਂ ਫੜੇ ਜਾਣ ਦੇ ਬਾਅਦ ਇਹ ਕੇਸ ਮੁੜ ਖੁੱਲ੍ਹ ਗਿਆ ਸੀ।

# ਹੜ੍ਹ ਵਿੱਚ ਫਸੇ ਖੇਤ ਮਜ਼ਦੂਰਾਂ ਦੀ ਕਵਰੇਜ ਕਰਨ ਗਿਆ ਪੱਤਰਕਾਰ ਵੀ ਪਾਣੀ ਵਿੱਚ ਰੁੜ੍ਹਿਆ

ਹੈਦਰਾਬਾਦ, 14 ਜੁਲਾਈ (ਪੋਸਟ ਬਿਊਰੋ)- ਤੇਲੰਗਨਾ ਦੇ ਜਗਤਿਆਲ ਜ਼ਿਲ੍ਹੇ ਵਿੱਚ ਭਾਰੀ ਹੜ੍ਹ ਦੀ ਕਵਰੇਜ ਵੇਲੇ ਇੱਕ ਪੱਤਰਕਾਰ ਪਾਣੀ ਵਿੱਚ ਰੁੜ੍ਹ ਗਿਆ, ਜਿਸ ਨੂੰ ਬਚਾਇਆ ਨਹੀਂ ਜਾ ਸਕਿਆ।


ਤੇਲਗੂ ਨਿਊਜ਼ ਚੈਨਲ ਐਨ ਟੀ ਵੀ ਨਾਲ ਕੰਮ ਕਰਨ ਵਾਲਾ ਰਿਪੋਰਟਰ ਜਮੀਰ ਗੋਦਾਵਰੀ ਦਾ ਪਾਣੀ ਵਧਣ ਕਾਰਨ ਪਿੰਡ ਵਿੱਚ ਫਸੇ ਨੌਂ ਖੇਤ ਮਜ਼ਦੂਰਾਂ ਬਾਰੇ ਰਿਪੋਰਟ ਕਰਨ ਲਈ ਰਾਏਕਲ ਮੰਡਲ ਦੇ ਬੋਰਨਾਪੱਲੀ ਪਿੰਡ ਗਿਆ ਸੀ।ਜਦੋਂ ਗੋਦਾਵਰੀ ਨਦੀ ਉੱਤੇ ਸ੍ਰੀਰਾਮ ਸਾਗਰ ਪ੍ਰਾਜੈਕਟ ਜਲ ਭੰਡਾਰ ਦੇ ਗੇਟਾਂ ਨੂੰ ਹਟਾਇਆ ਤਾਂ ਬੋਰਨਾਪੱਲੀ ਦੇ 9 ਮਜ਼ਦੂਰ ਨਦੀ ਦੇ ਵਹਿਣ ਵਿਚਾਲੇ ਫਸ ਗਏ। ਇਨ੍ਹਾਂ ਲੋਕਾਂ ਨੇ ਆਪਣੇ ਪਰਵਾਰਾਂ ਨੂੰ ਇੱਕ ਸੈਲਫ਼ੀ ਵੀਡੀਓ ਭੇਜਿਆ ਸੀ। ਜਮੀਰ ਓਥੇ ਬਚਾਅ ਕਾਰਜ ਨੂੰ ਕਵਰ ਕਰਨ ਗਿਆ ਸੀ।ਇਹ ਘਟਨਾ ਓਦੋਂ ਵਾਪਰੀ ਜਦੋਂ ਜਮੀਰ ਅਤੇ ਸਈਅਦ ਰਿਆਜ ਅਲੀ ਨਾਂ ਦਾ ਇੱਕ ਹੋਰ ਵਿਅਕਤੀ ਪਿੰਡ ਤੋਂ ਜਗਤਿਆਲ ਵਾਪਸ ਆ ਰਹੇ ਸਨ। ਉਹ ਇੱਕ ਸਵਿਫਟ ਡਿਜਾਇਰ ਕਾਰ ਵਿੱਚ ਸਨ ਅਤੇ ਰਾਮੋਜੀਪੇਟ ਪਿੰਡ ਪਹੁੰਚੇ, ਉਨ੍ਹਾਂ ਨੇ ਮੁੱਖ ਸੜਕ ਤੋਂ ਇੱਕ ਸ਼ਾਰਟਕੱਟ ਲਿਆ। ਜਦੋਂ ਉਹ ਰਾਏਕਲ ਮੰਡਲ ਦੇ ਰਾਮੋਜੀਪੇਟ ਅਤੇ ਭੂਪਤੀਪੁਰ ਦੇ ਵਿਚਕਾਰ ਹੜ੍ਹ ਵਾਲੀ ਸੜਕ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਉਨ੍ਹਾਂ ਦੀ ਕਾਰ ਹੜ੍ਹ ਦੇ ਪਾਣੀ ਵਿੱਚ ਵਹਿ ਗਈ।ਸਥਾਨਕ ਲੋਕਾਂ ਨੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਸਈਅਦ ਰਿਆਜ ਅਲੀ ਨੂੰ ਸੁਰੱਖਿਅਤ ਕੱਢ ਲਿਆ ਗਿਆ, ਜਦਕਿ ਜਮੀਰ ਲਾਪਤਾ ਹੋ ਗਿਆ।

# ਸੁਸ਼ਾਂਤ ਸਿੰਘ ਡਰੱਗਜ਼ ਕੇਸ ਵਿੱਚ ਚਾਰਜਸ਼ੀਟ ਦਾਇਰ

ਮੁੰਬਈ, 14 ਜੁਲਾਈ (ਪੋਸਟ ਬਿਊਰੋ)- ਸੁਸ਼ਾਂਤ ਸਿੰਘ ਰਾਜਪੂਤ ਡਰੱਗਜ਼ ਮਾਮਲੇ ਵਿੱਚ ਉਸ ਦੀ ਪ੍ਰੇਮਿਕਾ ਰਹੀ ਰੀਆ ਚੱਕਰਵਰਤੀ ਦੀਆਂ ਮੁਸ਼ਕਲਾਂ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਹੀਆਂ ਹਨ। ਰੀਆ ਅਜੇ ਵੀ ਨਾਰਕੋਟਿਕਸ ਕੰਟਰੋਲ ਬਿਊਰੋ (ਅਨ ਸੀ ਬੀ) ਦੇ ਰਡਾਰ ਵਿੱਚ ਹੈ। ਐਨ ਸੀ ਬੀ ਨੇ ਡਰੱਗਜ਼ ਕੇਸ ਵਿੱਚ ਚਾਰਜ ਦਾ ਖਰੜਾ ਤਿਆਰ ਕਰ ਲਿਆ ਹੈ, ਜਿਸ ਵਿੱਚ ਰੀਆ ਅਤੇ 34 ਹੋਰ ਦੋਸ਼ੀਆਂ ਉੱਤੇ ਉਚ ਸਮਾਜ ਅਤੇ ਬਾਲੀਵੁਡ ਦੇ ਲੋਕਾਂ ਨੂੰ ਡਰੱਗ ਸਪਲਾਈ ਕਰਨ ਦੇ ਦੋਸ਼ ਲੱਗੇ ਹਨ ਅਤੇ ਨਾਲ ਹੀ ਸੁਸ਼ਾਂਤ ਨੂੰ ਨਸ਼ਿਆਂ ਲਈ ਉਕਸਾਉਣ ਦਾ ਵੀ ਦੋਸ਼ ਹੈ। ਐਨ ਸੀ ਬੀ ਦਾ ਦੋਸ਼ ਹੈ ਕਿ ਰੀਆ ਨੇ ਸੁਸ਼ਾਂਤ ਸਿੰਘ ਰਾਜਪੂਤ ਲਈ ਡਰੱਗਜ਼ ਖਰੀਦਿਆ ਤੇ ਉਸ ਨੂੰ ਪੈਸੇ ਦਿੱਤੇ। ਇਸ ਕੇਸ ਦੇ 35 ਦੋਸ਼ੀਆਂ ਉੱਤੇ 38 ਦੋਸ਼ ਹਨ। ਐਨ ਸੀ ਬੀ ਨੇ ਆਪਣੀ ਚਾਰਜਸ਼ੀਟ ਵਿੱਚ ਦਾਅਵਾ ਕੀਤਾ ਹੈ ਕਿ ਰੀਆ ਨੇ ਸੈਮੂਅਲ ਮਿਰਾਂਡਾ, ਸੋਵਿਕ ਚੱਕਰਵਰਤੀ ਦੀਪੇਸ ਸਾਵੰਤ ਤੇ ਹੋਰਾਂ ਤੋਂ ਕਈ ਵਾਰ ਗਾਂਜਾ ਲਿਆ ਸੀ ਅਤੇ ਇਸ ਦੀ ਡਿਲੀਵਰੀ ਲੈਣ ਤੋਂ ਬਾਅਦ ਰੀਆ ਨੇ ਇਸ ਨੂੰ ਮਰਹੂਮ ਸੁਸ਼ਾਂਤ ਸਿੰਘ ਰਾਜਪੂਤ ਨੂੰ ਸੌਂਪ ਦਿੱਤਾ। ਰੀਆ ਨੇ ਮਾਰਚ 2020 ਤੋਂ ਸਤੰਬਰ 2020 ਦੌਰਾਨ ਗਾਂਜੇ ਦੀਆਂ ਇਨ੍ਹਾਂ ਡਿਲੀਵਰੀਆਂ ਦਾ ਭੁਗਤਾਨ ਕੀਤਾ।

# ਜੁਵੇਨਾਈਲ ਬੋਰਡ ਨੂੰ ਪ੍ਰਿੰਸ ਕੇਸ ਦਾ ਮੁੜ ਮੁਲਾਂਕਣ ਕਰਨ ਦਾ ਹੁਕਮ

ਗੁਰੂਗ੍ਰਾਮ, 14 ਜੁਲਾਈ (ਪੋਸਟ ਬਿਊਰੋ)- ਗੁਰੂਗ੍ਰਾਮ ਦੇ ਇੱਕ ਇੰਟਰਨੈਸ਼ਨਲ ਸਕੂਲ ਵਿੱਚ ਸੱਤ ਸਾਲਾ ਵਿਦਿਆਰਥੀ ਦੀ ਗਲਾ ਵੱਢ ਕੇ ਹੱਤਿਆ ਕਰਨ ਦੇ ਦੋਸ਼ੀ ਨੂੰ ਅਡਲਟ ਮੰਨ ਕੇ ਕੇਸ ਚਲਾਇਆ ਜਾਏ ਜਾਂ ਨਾਬਾਲਗ (ਮਾਈਨਰ) ਮੰਨ ਕੇ, ਉਸ ਉੱਤੇ ਕੱਲ੍ਹ ਸੁਪਰੀਮ ਕੋਰਟ ਨੇ ਡਿਸਟ੍ਰਿਕ ਜੁਵੇਨਾਈਲ ਜਸਟਿਸ ਬੋਰਡ ਨੂੰ ਫੈਸਲੇ ਦਾ ਮੁੜ ਮੁੱਲਾਂਕਣ ਕਰਨ ਦੇ ਹੁਕਮ ਦਿੱਤੇ ਹਨ। ਬੋਰਡ ਨੇ ਦੋਸ਼ੀ ਨੂੰ ਅਡਲਟ ਮੰਨ ਕੇ ਟਰਾਇਲ ਚਲਾਉਣ ਦਾ ਫੈਸਲਾ ਦਿੱਤਾ ਸੀ। ਨੌਂ ਸਤੰਬਰ 2017 ਨੂੰ ਸਕੂਲ ਵਿੱਚ ਸੱਤ ਸਾਲਾ ਵਿਦਿਆਰਥੀ ਪ੍ਰਿੰਸ (ਕੋਰਟ ਵੱਲੋਂ ਦਿੱਤਾ ਨਾਂਅ) ਦੀ ਬਾਥਰੂਮ ਵਿੱਚ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ ਸੀ। ਦੋਸ਼ੀ ਭੋਲੂ (ਕੋਰਟ ਵੱਲੋਂ ਦਿੱਤਾ ਨਾਂਅ) 16 ਸਾਲ ਦਾ (ਜੁਵੇਨਾਈਲ) ਸੀ। ਅਪਰਾਧ ਸੰਗੀਨ ਹੋਣ ਕਾਰਨ ਜੁਵੇਨਾਈਲ ਜਸਟਿਸ ਬੋਰਡ ਨੇ ਭੋਲੂ ਨੂੰ ਅਡਲਟ ਮੰਨ ਕੇ ਟਰਾਇਲ ਚਲਾਉਣ ਦਾ ਫੈਸਲਾ ਦਿੱਤਾ ਅਤੇ ਜ਼ਿਲ੍ਹਾ ਅਦਾਲਤ ਨੇ ਵੀ ਇਸ ਨੂੰ ਸਹੀ ਮੰਨ ਕੇ ਅਡਲਟ ਵਜੋਂ ਟਰਾਇਲ ਚਲਾਉਣ ਦਾ ਹੁਕਮ ਦਿੱਤਾ। ਦੋਸ਼ੀ ਧਿਰ ਇਸ ਬਾਰੇ ਹਾਈ ਕੋਰਟ ਚਲੀ ਗਈ। ਹਾਈ ਕੋਰਟ ਦੀ ਜਸਟਿਸ ਦਇਆ ਚੌਧਰੀ ਨੇ ਪਟੀਸ਼ਨ ਉੱਤੇ ਸੁਣਵਾਈ ਵੇਲੇ ਜੁਵੇਨਾਈਲਸ ਜਸਟਿਸ ਬੋਰਡ ਨੂੰ ਫਿਰ ਮੁੱਲਾਂਕਣ ਕਰਨ ਦਾ ਹੁਕਮ ਦਿੱਤਾ ਸੀ।









# ਭਾਰਤ ਨੇ ਸ੍ਰੀਲੰਕਾ ਵਿੱਚ ਫੌਜ ਭੇਜਣ ਦੀਆਂ ਰਿਪੋਰਟਾਂ ਦਾ ਖੰਡਨ ਕੀਤਾ



ਕੋਲੰਬੋ, 14 ਜੁਲਾਈ (ਪੋਸਟ ਬਿਊਰੋ)- ਭਾਰਤ ਨੇ ਸ੍ਰੀਲੰਕਾ ਵਿੱਚ ਵਿਗੜੇ ਹਾਲਾਤ ਉੱਤੇ ਕਾਬੂ ਪਾਉਣ ਲਈ ਉਥੇ ਫੌਜ ਭੇਜਣ ਦੀਆਂ ਰਿਪੋਰਟਾਂ ਤੋਂ ਇਨਕਾਰ ਕੀਤਾ ਹੈ। ਇਸ ਤੋਂ ਪਹਿਲਾਂ ਮਈ ਵਿੱਚ ਵੀ ਭਾਰਤੀ ਹਾਈ ਕਮਿਸ਼ਨ ਨੇ ਮੀਡੀਆ ਵਿੱਚ ਆਈਆਂ ਅਜਿਹੀਆਂ ਰਿਪੋਰਟਾਂ ਨੂੰ ਰੱਦ ਕੀਤਾ ਸੀ।

ਭਾਰਤੀ ਹਾਈ ਕਮਿਸ਼ਨ ਨੇ ਦੇਰ ਰਾਤ ਇੱਕ ਟਵੀਟ ਕੀਤਾ ਕਿ ''ਸ੍ਰੀਲੰਕਾ ਵਿੱਚ ਭਾਰਤ ਵੱਲੋਂ ਫੌਜ ਭੇਜਣ ਦੀਆਂ ਮੀਡੀਆ ਦੇ ਇੱਕ ਵਰਗ ਅਤੇ ਸੋਸ਼ਲ ਮੀਡੀਆ ਉੱਤੇ ਫੈਲੀਆਂ ਰਿਪੋਰਟਾਂ ਨੂੰ ਅਸੀਂ ਪੂਰੀ ਤਰ੍ਹਾਂ ਰੱਦ ਕਰਦੇ ਹਾਂ। ਇਹ ਖਬਰਾਂ ਤੇ ਅਜਿਹੇ ਵਿਚਾਰ ਭਾਰਤ ਸਰਕਾਰ ਦੇ ਰਵੱਈਏ ਮੁਤਾਬਕ ਨਹੀਂ ਹਨ।'' ਹਾਈ ਕਮਿਸ਼ਨ ਦਾ ਇਹ ਟਵੀਟ ਭਾਜਪਾ ਦੇ ਸੀਨੀਅਰ ਆਗੂ ਸੁਬਰਾਮਨੀਅਮ ਸਵਾਮੀ ਦੇ ਟਵੀਟ ਮਗਰੋਂ ਆਇਆ ਹੈ। ਸਵਾਮੀ ਨੇ ਟਵੀਟ ਕੀਤਾ ਸੀ, 'ਗੋਟਾਬਾਯਾ ਅਤੇ ਮਹਿੰਦਾ ਰਾਜਪਕਸ਼ੇ ਦੋਵੇਂ ਭਾਰੀ ਬਹੁਮਤ ਨਾਲ ਚੋਣਾਂ ਜਿੱਤ ਕੇ ਆਏ ਹਨ। ਭਾਰਤ ਕਿਵੇਂ ਭੀੜ ਨੂੰ ਚੋਣਾਂ ਦੇ ਫੈਸਲੇ ਨੂੰ ਪਲਟਣ ਦੀ ਇਜਾਜ਼ਤ ਦੇ ਸਕਦਾ ਹੈ? ਫਿਰ ਤਾਂ ਸਾਡੇ ਗੁਆਂਢ ਵਿੱਚ ਕੋਈ ਜਮਹੂਰੀ ਦੇਸ਼ ਸੁਰੱਖਿਅਤ ਨਹੀਂ ਰਹੇਗਾ। ਜੇ ਰਾਜਪਕਸ਼ੇ ਭਾਰਤ ਤੋਂ ਫੌਜੀ ਸਹਾਇਤਾ ਚਾਹੁੰਦੇ ਹਨ ਤਾਂ ਸਾਨੂੰ ਸਹਾਇਤਾ ਕਰਨੀ ਚਾਹੀਦੀ ਹੈ।'' ਹਾਈ ਕਮਿਸ਼ਨ ਨੇ ਇਹ ਵੀ ਕਿਹਾ ਕਿ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਸਪੱਸ਼ਟ ਕਿਹਾ ਹੈ ਕਿ ਭਾਰਤ, ਸ੍ਰੀਲੰਕਾ ਦੇ ਲੋਕਾਂ ਨਾਲੇ ਖੜ੍ਹਾ ਹੈ ਕਿਉਂਕਿ ਉਹ ਲੋਕਰਾਜੀ ਤਰੀਕਿਆਂ, ਸਥਾਪਤ ਅਦਾਰਿਆਂ ਅਤੇ ਸੰਵਿਧਾਨਕ ਢਾਂਚੇ ਰਾਹੀਂ ਖੁਸ਼ਹਾਲੀਤੇ ਤਰੱਕੀ ਲਈ ਆਪਣੀਆਂ ਇੱਛਾ ਪੂਰੀਆਂ ਕਰਨੀਆਂ ਚਾਹੁੰਦੇ ਹਨ। ਭਾਰਤੀ ਵਿਦੇਸ਼ ਮੰਤਰ-ਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਐਤਵਾਰ ਨੂੰ ਕਿਹਾ ਸੀ ਕਿ ਭਾਰਤ, ਸ੍ਰੀਲੰਕਾ ਦੇ ਘਟਨਾਕ੍ਰਮ ਉੱਤੇ ਬਰੀਕੀ ਨਾਲ ਨਜ਼ਰ ਰੱਖ ਰਿਹਾ ਹੈ।

ਓਧਰ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੇ ਪ੍ਰਦਰਸ਼ਨਕਾਰੀਆਂ ਵੱਲੋਂ ਉਨ੍ਹਾਂ ਦੀ ਨਿੱਜੀ ਰਿਹਾਇਸ਼ ਨੂੰ ਅੱਗ ਲਗਾਏ ਜਾਣ ਮਗਰੋਂ ਪਹਿਲੀ ਵਾਰ ਜਨਤਕ ਤੌਰ ਉੱਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਿਰਫ ਹਿਟਲਰ ਵਰਗੀ ਮਾਨਸਿਕਤਾ ਵਾਲੇ ਲੋਕ ਹੀ ਇਮਾਰਤਾਂ ਵਿੱਚ ਅੱਗਾਂ ਲਾ ਸਕਦੇ ਹਨ। ਟੀ ਵੀ ਉੱਤੇ ਪ੍ਰਸਾਰਤ ਬਿਆਨ ਵਿੱਚ ਵਿਕਰਮਸਿੰਘੇ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਦਾ ਅਹੁਦਾ ਇਸ ਲਈ ਸਵੀਕਾਰ ਕੀਤਾ ਸੀ ਕਿ ਅਰਥਚਾਰਾ ਸੰਕਟ ਵਿੱਚ ਸੀ। ਉਨ੍ਹਾਂ ਮੁਤਾਬਕ ਕੌਮਾਂਤਰੀ ਮੁਦਰਾ ਕੋਸ਼ ਨੇ ਕਿਹਾ ਕਿ ਸ੍ਰੀਲੰਕਾ ਵਿੱਚ ਅਰਥਚਾਰਾ ਸੁਧਾਰਨ ਵਿੱਚ ਕਰੀਬ ਚਾਰ ਸਾਲ ਲੱਗਣਗੇ।ਪ੍ਰਧਾਨ ਮੰਤਰੀ ਦੇ ਦਫਤਰ ਨੇ ਕਿਹਾ ਹੈ ਕਿ ਸਭ ਪਾਰਟੀਆਂ ਦੀ ਅੰਤ੍ਰਿਮ ਸਰਕਾਰ ਬਣਨ ਮਗਰੋਂ ਪੂਰੀ ਸ੍ਰੀਲੰਕਨ ਕੈਬਨਿਟ ਅਸਤੀਫਾ ਦੇ ਦੇਵੇਗੀ। ਉਨ੍ਹਾਂ ਕਿਹਾ ਕਿ ਕੈਬਨਿਟ ਦੇ ਸਾਰੇ ਮੈਂਬਰਾਂ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਜਦੋਂ ਹੀ ਨਵੀਂ ਅੰਤ੍ਰਿਮ ਸਰਕਾਰ ਬਣੀ ਤਾਂ ਉਸ ਨੂੰ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਜਾਣ।

ਸ੍ਰੀਲੰਕਾ ਦੀ ਪਾਰਲੀਮੈਂਟ ਵੱਲੋਂ ਨਵੇਂ ਰਾਸ਼ਟਰਪਤੀ ਦੀਚੋਣ20 ਜੁਲਾਈ ਨੂੰ ਹੋਵੇਗੀ, ਜੋ ਗੋਟਾਬਾਯਾ ਰਾਜਪਕਸ਼ੇ ਦੀ ਥਾਂ ਲਵੇਗਾ, ਜਿਸ ਨੇ 13 ਜੁਲਾਈ ਨੂੰ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਸਪੀਕਰ ਮਹਿੰਦਾ ਯਪਾ ਅਬੇਯਵਰਦਨਾ ਨੇ ਸਾਰੀਆਂ ਪਾਰਟੀਆਂ ਦੀ ਕੱਲ੍ਹ ਮੀਟਿੰਗ ਪਿੱਛੋਂ ਇਹ ਐਲਾਨ ਕੀਤਾ। ਰਾਸ਼ਟਰਪਤੀ ਰਾਜਪਕਸ਼ੇ ਨੇ ਅਜੇ ਰਸਮੀ ਤੌਰ ਉੱਤੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ, ਪਰ ਕੱਲ੍ਹ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੇ ਵੀ ਕਿਹਾ ਹੈ ਕਿ ਰਾਜਪਕਸ਼ੇ 13 ਜੁਲਾਈ ਨੂੰ ਅਹੁਦੇ ਤੋਂ ਲਾਂਭੇ ਹੋ ਜਾਣਗੇ। ਸਪੀਕਰ ਅਬੇਯਵਰਦਨਾ ਨੇ ਕਿਹਾ, ''ਰਾਜਪਕਸ਼ੇ ਦਾ ਕੱਲ੍ਹ ਅਸਤੀਫਾ ਮਿਲਣ ਮਗਰੋਂ 15 ਜੁਲਾਈ ਨੂੰ ਪਾਰਲੀਮੈਂਟ ਦਾ ਸੈਸ਼ਨ ਸੱਦਿਆ ਜਾਵੇਗਾ ਜਿਸ ਵਿੱਚ ਰਾਸ਼ਟਰਪਤੀ ਦਾ ਅਹੁਦਾ ਖਾਲੀ ਹੋਣ ਦਾ ਐਲਾਨ ਕੀਤਾ ਜਾਵੇਗਾ। ਫਿਰ 19 ਜੁਲਾਈ ਨੂੰ ਨਾਮਜ਼ਦਗੀਆਂ ਲਈਆਂ ਜਾਣਗੀਆਂ। ਨਵਾਂ ਰਾਸ਼ਟਰਪਤੀ ਚੁਣਨ ਲਈ ਵੀਹ ਜੁਲਾਈ ਨੂੰ ਪਾਰਲੀਮੈਂਟ ਵਿੱਚ ਮਤਦਾਨ ਹੋਵੇਗਾ।''

ਪ੍ਰਧਾਨ ਮੰਤਰੀ ਵਿਕਰਮਸਿੰਘੇ ਨੇ ਵੀ ਅਹੁਦੇ ਤੋਂ ਅਸਤੀਫੇ ਦਾ ਐਲਾਨ ਕੀਤਾ ਹੋਇਆ ਹੈ ਤੇ ਦੇਸ਼ ਦੇ ਸੰਵਿਧਾਨ ਤਹਿਤ ਜੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਅਸਤੀਫੇ ਦੇ ਦਿੰਦੇ ਹਨ ਤਾਂ ਸਪੀਕਰ ਜ਼ਿਆਦਾ ਤੋਂ ਜ਼ਿਆਦਾ ਤੀਹ ਦਿਨਾਂ ਲਈ ਕਾਰਜਕਾਰੀ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਏਗਾ। ਪਾਰਲੀਮੈਂਟ ਵੱਲੋਂ ਤੀਹ ਦਿਨਾਂ ਦੇ ਅੰਦਰ ਆਪਣੇ ਹੀ ਇੱਕ ਮੈਂਬਰ ਦੀ ਨਵੇਂ ਰਾਸ਼ਟਰਪਤੀ ਵਜੋਂ ਚੋਣ ਕੀਤੀ ਜਾਵੇਗੀ, ਜੋ ਮੌਜੂਦਾ ਕਾਰਜਕਾਲ ਦੇ ਬਾਕੀ ਰਹਿੰਦੇ ਦੋ ਵਰ੍ਹੇ ਮੁਕੰਮਲ ਕਰੇਗਾ। ਇਸ ਦੌਰਾਨ ਸਪੀਕਰ ਦੇ ਦਫਤਰ ਨੇ ਦਾਅਵਾ ਕੀਤਾ ਹੈ ਕਿ ਗੋਟਾਬਾਯਾ ਰਾਜਪਕਸ਼ੇ ਸ੍ਰੀਲੰਕਾ ਵਿੱਚ ਹੀ ਹਨ ਅਤੇ ਉਹ ਮੁਲਕ ਛੱਡ ਕੇ ਨਹੀਂ ਭੱਜੇ ਹਨ।

# ਪਾਕਿ ਪੱਤਰਕਾਰ ਨੇ ਕਾਂਗਰਸ ਰਾਜ 'ਚ ਭਾਰਤ ਆ ਕੇ ਜਾਸੂਸੀ ਕੀਤੀ

ਇਸਲਾਮਾਬਾਦ, 14 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਮੰਨੇ-ਪ੍ਰਮੰਨੇ ਪੱਤਰਕਾਰ ਨੁਸਰਤ ਮਿਰਜ਼ਾ ਨੇ ਇੱਕ ਇੰਟਰਵਿਊ ਵਿੱਚ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਹੈ ਕਿ ਉਨ੍ਹਾਂ ਨੇ ਕਾਂਗਰਸ ਰਾਜ ਵਿੱਚ ਕਈ ਵਾਰੀ ਭਾਰਤ ਆ ਕੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਲਈ ਕਈ ਅਹਿਮ ਸੂਚਨਾਵਾਂਲਈਆਂ ਸਨ। ਉਨ੍ਹਾਂ ਨੂੰ ਓਦੋਂ ਦੇ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦੇ ਸਮੇਂ ਵਿੱਚ ਕਈ ਵਾਰ ਭਾਰਤ ਆਉਣ ਦਾ ਸੱਦਾ ਮਿ-ਲਆ ਸੀ। ਮਿਰਜ਼ਾ ਨੇ ਇਹ ਗੱਲਾਂ ਪਾਕਿ ਵਿਚਲੇ ਯੂ-ਟਿਊਬ ਚੈਨਲ ਚਲਾਉਣ ਵਾਲੇ ਸ਼ਕੀਲ ਚੌਧਰੀ ਨੂੰ



ਦਿੱਤੀ ਇੰਟਰਵਿਊ ਵਿੱਚ ਕਹੀਆਂ ਹਨ।

ਪੱਤਰਕਾਰ ਨੁਸਰਤ ਮਿਰਜ਼ਾ ਨੇ ਕਿਹਾ ਕਿ ਉਹ ਪੰਜ ਵਾਰ ਭਾਰਤ ਦੌਰੇ ਉੱਤੇ ਗਏ ਹਨ। ਉਨ੍ਹਾਂ ਨੇ 2011 ਦੇ ਦੌਰੇ ਦਾ ਜ਼ਿਕਰ ਕੀਤਾ ਹੈ। ਇੰਟਰਵਿਊ ਵਿੱਚ ਮਿਰਜ਼ਾ ਨੇ ਭਾਰਤ ਦੇ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦਾ ਨਾਮ ਲਿਆ ਹੈ। ਅੰਸਾਰੀ 2007 ਤੋਂ 2017 ਤਕ 12ਵੇਂ ਉਪ ਰਾਸ਼ਟਰਪਤੀ ਸਨ। ਮਿਰਜ਼ਾ ਨੇ ਕਿਹਾ, ਮੈਨੂੰ ਉਨ੍ਹਾਂ ਦੇ ਸਮੇਂ ਵਿੱਚ ਭਾਰਤ ਆਉਣ ਦਾ ਸੱਦਾ ਦਿੱਤਾ ਗਿਆ ਸੀ। ਜਦ ਮੈਂ ਵਾਪਸ ਪਾਕਿ-ਸਤਾਨ ਗਿਆ ਤਾਂ ਆਈ ਐਸ ਆਈ ਦੇ ਅਫਸਰ ਨੇ ਕਿਹਾ ਕਿ ਜੋ ਵੀ ਜਾਣਕਾਰੀ ਉਸ ਨੇ ਇਕੱਠੀ ਕੀਤੀ ਹੈ ਉਹ ਆਈ ਐਸ ਆਈ ਦੇ ਨਵੇਂ ਚੀਫ ਜਨਰਲ ਕਿਆਨੀ ਨੂੰ ਦੇਣ। ਇਸ ਉੱਤੇ ਮਿਰਜ਼ਾ ਨੇ ਉਨ੍ਹਾਂ ਦੀ ਅਪੀਲ ਠੁਕਰਾ ਦਿੱਤਾ ਤੇ ਕਿਹਾ ਕਿ ਉਹ ਖੁਦ ਕਿਆਨੀ ਨੂੰ ਇਹ ਜਾਣਕਾਰੀ ਦੇ ਦੇਣ।

ਮਿਰਜ਼ਾ ਨੂੰ ਪਾਕਿਸਤਾਨ ਦੇ ਵਿਦੇਸ਼ ਵਿਭਾਗ ਤੋਂ ਭਾਰਤ ਦਾ ਵੀਜ਼ਾ ਹਾਸਲ ਕਰਨ ਵਿੱਚ ਕਈ ਵਿਸ਼ੇਸ਼ ਅਧਿਕਾਰ ਮਿਲੇ ਹੋਏ ਸਨ। ਆਮ ਤੌਰ ਉੱਤੇ ਪਾਕਿਸਤਾਨੀਆਂ ਨੂੰ ਭਾਰਤ ਜਾਣ ਉੱਤੇ ਕੇਵਲ ਤਿੰਨ ਸ਼ਹਿਰਾਂ ਲਈ ਵੀਜ਼ਾ ਮਿਲਦਾ ਹੈ, ਪਰ ਮਿਰਜ਼ਾ ਨੂੰ ਦਿੱਲੀ, ਬੰਗਲੌਰ, ਚੇਨਈ, ਪਟਨਾ ਤੇ ਕੋਲਕਾਤਾ ਸਮੇਤ ਸੱਤ ਸ਼ਹਿਰਾਂ ਲਈ ਵੀਜ਼ਾ ਮਿਲਦਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਖਰੀ ਵਾਰ ਮਿੱਲੀ ਗੈਜ਼ੇਟ ਅਖਬਾਰ ਦੇ ਮਾਲਕ ਫਜ਼ਰੂਲ ਇਸਲਾਮ ਦੇ ਸੱਦੇ ਉੱਤੇ ਭਾਰਤ ਗਏ ਸਨ। ਇੱਥੇ ਉਨ੍ਹਾਂ ਨੂੰ ਕਈ ਜਾਣਕਾਰੀਆਂ ਮਿਲੀਆਂ ਸਨ, ਜੋ ਉਨ੍ਹਾਂ ਨੇ ਆਈ ਐਸ ਆਈ ਦੇ ਮੁਖੀ ਨੂੰ ਦਿੱਤੀਆਂ ਸਨ।

# ਪਰਵਾਸੀ ਪਰਵਾਰਾਂ ਵਿੱਚ ਸਿੱਖਿਆ ਤੇ ਨੌਕਰੀ ਦੀ ਭਾਵਨਾ ਵਧੇਰੇ

* ਅਮਰੀਕਾ ਵਿੱਚ ਪਰਵਾਸੀਆਂ ਦੇ ਬੱਚੇ ਕਮਾਈ ਦੇ ਪੱਖੋਂ ਦੋ ਗੁਣਾ ਅੱਗੇ

ਅਮਰੀਕਾ, 14 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਜੱਦੀ ਨਾਗਰਿਕਾਂ ਦੇ ਬੱਚਿਆਂ ਦੇ ਮੁਕਾਬਲੇ ਭਾਰਤ ਵਰਗੇ ਦੇਸ਼ਾਂ ਤੋਂ ਆ ਕੇ ਵੱਸਣ ਵਾਲੇ ਪਰਵਾਸੀ ਲੋਕਾਂ ਦੇ ਬੱਚੇ ਕਮਾਉਣ ਦੇ ਪੱਖੋਂ ਅੱਵਲ ਰਹਿੰਦੇ ਹਨ।

ਦੋ ਅਰਥਸ਼ਾਸਤਰੀਆਂ ਨੇ ਇਹ ਦਾਅਵਾ ਆਪਣੀ ਨਵੀਂ ਕਿਤਾਬ ਵਿੱਚ ਕੀਤਾ ਹੈ। ਸਟੈਨਫੋਰਡ ਯੂਨੀਵਰਸਿਟੀ ਦੇ ਰੈਨ ਅਬਰਾਮਿਟਜ਼ਕੀ ਅਤੇ ਪ੍ਰਿੰਸਟਨ ਯੂਨੀਵਰਸਿਟੀ ਦੇ ਲੀ ਬੌਸਟਨ ਨੇ ਇਹ ਕਿਤਾਬ ਲਿਖੀ ਹੈ। ਸਟ੍ਰੀਟਸ ਆਫ ਗੋਲਡ-ਅਮੈਰਿਕਾਜ਼ ਅਨਟੋਲਡ ਸਟੋਰੀ ਆਫ ਇਮੀਗ੍ਰੈਂਟ ਸਕਸੈਸ' ਨਾਂਅ ਦੀ ਇਸ ਕਿਤਾਬ ਵਿੱਚ ਉਨ੍ਹਾਂ ਨੇ ਜਨਗਣਨਾ ਦੇ ਡਾਟਾ ਤੋਂ ਜੱਦੀ ਨਾਗਰਿਕਾਂ ਅਤੇ ਪਰਵਾਸੀ ਨਾਗਰਿਕਾਂ ਦੇ ਬੱਚਿਆਂ ਦੀ ਕਮਾਈ ਦੀ ਤੁਲਨਾ ਕੀਤੀ ਹੈ। ਉਨ੍ਹਾਂ ਨੇ ਆਪਣੇ ਸਰਵੇ ਵਿੱਚ ਉਨ੍ਹਾਂ ਲੋਕਾਂ ਦੇ ਡਾਟਾ ਨੂੰ ਸ਼ਾਮਲ ਕੀਤਾ, ਜੋ 1978 ਤੋਂ 1983 ਦੇ ਵਿੱਚ ਗਰੀਬ ਪਰਵਾਰ ਵਿੱਚ ਪੈਦਾ ਹੋਏ ਸਨ। ਜਦ ਇਹ



ਬੱਚੇ 35 ਤੋਂ ਚਾਲੀ ਸਾਲ ਦੀ ਉਮਰ ਤਕ ਪਹੁੰਚੇ ਤਾਂ ਅਮਰੀਕਾ ਵਿੱਚ ਜਨਮੇ ਬੱਚਿਆਂ ਦੀ ਤੁਲਨਾ ਵਿੱਚ ਦੁੱਗਣੇ ਪੱਧਰ 'ਤੇ ਪਰਵਾਸੀ ਬੱਚੇ ਗਰੀਬੀ ਦੇ ਕੁਚੱਕਰ ਵਿੱਚੋਂ ਬਾਹਰ ਨਿਕਲ ਚੁੱਕੇ ਸਨ। ਅਰਥਸ਼ਾਤਰੀਆਂ ਨੇ ਪਤਾ ਲਾਇਆ ਕਿ ਪਰਵਾਸੀ ਬੱਚੇ ਅਮਰੀਕਾ ਵਿੱਚ ਓਨੀ ਤੇਜ਼ੀ ਨਾਲ ਸਮਾਈਕਰਦੇ ਹਨ, ਜਿੰਨੀ ਉਨ੍ਹਾਂ ਦੇ ਮਾਤਾ-ਪਿਤਾ ਨੇ ਕੀਤੀ ਸੀ

ਨੈਸ਼ਨਲ ਅਕੈਡਮਿਕਸ ਆਫ ਸਾਇੰਸਿਜ਼, ਇੰਜੀਨੀਅਰਿੰਗ ਤੇ ਮੈਡੀਸਨ ਦੀ ਸਾਲ 2017 ਦੀ ਰਿਪੋਰਟ ਅਨੁਸਾਰ ਵਿਦੇਸ਼ੀ ਨਾਗਰਿਕਾਂ ਦੀ ਦੂਸਰੀ ਪੀੜ੍ਹੀ ਅਮਰੀਕਾ ਵਿੱਚ ਸਭ ਤੋਂ ਮਜ਼ਬੂਤ ਵਿੱਤੀ ਅਤੇ ਆਰਥਿਕ ਯੋਗਦਾਨ ਕਰਨ ਵਾਲਿਆਂ ਵਿੱਚੋਂ ਹੈ। ਦੂਸਰੀ ਪੀੜ੍ਹੀ ਦੇ ਵਿਦੇਸ਼ੀਆਂ ਦੀ ਸਫਲਤਾ ਦੀਆਂ ਕਹਾਣੀਆਂ ਲੰਬੇ ਸਮੇਂ ਤੋਂ ਅਮਰੀਕੀ ਇਤਿਹਾਸ ਦਾ ਹਿੱਸਾ ਰਹੀਆਂ ਹਨ।ਖੋਜਕਾਰਾਂ ਨੂੰ ਪਤਾ ਲੱਗਾ ਕਿ ਜਿਨ੍ਹਾਂ ਦੇ ਪਿਤਾ ਘੱਟ ਆਮਦਨ ਵਾਲੇ ਪਰਵਾਸੀ ਸਨ, ਉਨ੍ਹਾਂ ਨੇ ਅਮਰੀਕਾ ਵਿੱਚ ਪੈਦਾ ਹੋਏ ਘੱਟ ਆਮਦਨ ਵਾਲੇ ਪੁਰਸ਼ਾਂ ਦੇ ਬੱਚਿਆਂ ਦੇ ਮੁਕਾਬਲੇ ਵੱਧ ਪੈਸਾ ਕਮਾਇਆ। ਇਹ ਟ੍ਰੈਂਡ ਆਉਣ ਵਾਲੇ ਕੁਝ ਹੋਰ ਦਹਾਕਿਆਂ ਤਕ ਬਣੇ ਰਹਿਣ ਦੀ ਸੰਭਾਵਨਾ ਹੈ।

## ਸ੍ਰੀਲੰਕਾ ਛੱਡ ਕੇ ਭੱਜਦੇ ਰਾਜਪਕਸ਼ੇ ਨੂੰ ਏਅਰਪੋਰਟ ਸਟਾਫ਼ ਦਾ ਗੁੱਸਾ ਦੇਖ ਕੇ ਪਰਤਣਾ ਪਿਆ ਸੀ


ਕੋਲੰਬੋ, 14 ਜੁਲਾਈ (ਪੋਸਟ ਬਿਊਰੋ)- ਸ੍ਰੀਲੰਕਾ ਵਿੱਚੋਂ ਦੇਸ਼ ਛੱਡ ਕੇ ਭੱਜ ਰਹੇ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਦੇ ਭਰਾ ਅਤੇ ਸਾਬਕਾ ਮੰਤਰੀ ਬਾਸਿਲ ਰਾਜਪਕਸ਼ੇ ਨੂੰ ਭੰਡਾਰਨਾਇਕੇ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਅਧਿਕਾਰੀਆਂ ਦੇ ਵਿਰੋਧ ਦੇ ਬਾਅਦ ਵਾਪਸ ਪਰਤਣਾ ਪਿਆ, ਜਿਸ ਦੇ ਬਾਅਦ ਉਹ ਸਮਝੌਤੇ ਅਧੀਨ ਦੇਸ਼ ਛੱਡ ਗਿਆ ਹੈ।



ਕਟੂਨਾਇਕੇ ਵਿੱਚ ਹਵਾਈ ਅੱਡੇ ਉੱਤੇ ਇਮੀਗ੍ਰੇਸ਼ਨ ਅਤੇਓਵਰਸੀਜ਼ ਅਧਿਕਾਰੀ ਕੱਲ੍ਹ ਰਾਤ ਉਸ ਸਮੇਂ ਹੜਤਾਲ ਉੱਤੇ ਚਲੇ ਗਏ, ਜਦੋਂ ਸਾਬਕਾ ਵਿੱਤ ਮੰਤਰੀ ਦੇਸ਼ ਛੱਡਣ ਦੀ ਕੋਸ਼ਿਸ਼ ਕਰ ਰਹੇ ਸਨ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਵੀਡੀਓ ਮੁਤਾਬਕ ਕੱਲ੍ਹ ਰਾਤ ਹਵਾਈ ਅੱਡੇ ਉੱਤੇ ਪੁੱਜੇ ਰਾਜਪਕਸ਼ੇ ਨੂੰ ਯਾਤਰੀਆਂ ਅਤੇ ਹੋਰ ਪਾਰਟੀਆਂ ਦੇ ਵਿਰੋਧ ਕਾਰਨ ਪਰਤਣਾ ਪਿਆ। ਸੂਤਰਾਂ ਨੇ ਇੱਥੇ ਮੀਡੀਆ ਨੂੰ ਦੱਸਿਆ ਕਿ ਜਦੋਂ ਮੰਤਰੀ ਦੁਬਈ ਦੇ ਰਸਤੇ ਅਮਰੀਕਾ ਜਾਣ ਲਈ ਹਵਾਈ ਅੱਡੇ ਉੱਤੇ ਪੁੱਜੇ ਤਾਂ ਹਵਾਈ ਅੱਡੇ ਦੇ ਅਧਿਕਾਰੀਆਂ ਨੇ 'ਸਿਲਕ ਰੂਟ' ਵੀ ਆਈ ਪੀ ਕਲੀਅਰੈਂਸ ਟਰਮੀਨਲ ਨੂੰ ਚਲਾਉਣ ਤੋਂ ਨਾਂਹ ਕਰ ਦਿੱਤੀ। 'ਸਿਲਕ ਰੂਟ' ਯਾਤਰੀ ਟਰਮੀਨਲ ਉਹ ਜਗ੍ਹਾ ਹੈ, ਜਿੱਥੇ ਪਤਵੰਤੇ ਵਿਅਕਤੀ ਆਪਣੀਆਂ ਉਡਾਣਾਂ ਬੁੱਕ ਕਰ ਸਕਦੇ ਹਨ। ਸ੍ਰੀਲੰਕਾ ਇਮੀਗ੍ਰੇਸ਼ਨ ਡਿਪਾਰਟਮੈਂਟ ਆਫੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਕੇ ਏ ਐਸ ਕਨੁਗਲਾ ਨੇ ਦੱਸਿਆ ਕਿ ਅਗਲੇ ਨੋਟਿਸ ਤਕ ਸੇਵਾਵਾਂ ਮੁਅੱਤਲ ਰਹਿਣਗੀਆਂ।

# ਚੀਨ ਦੇ ਵਿਗਿਆਨੀਆਂ ਨੇ ਰੋਬੋਟ ਮੱਛੀ ਵੀ ਬਣਾ ਲਈ

ਬੀਜਿੰਗ, 14 ਜੁਲਾਈ (ਪੋਸਟ ਬਿਊਰੋ)- ਚੀਨ ਦੇ ਮਾਹਰਾਂ ਨੇ ਇੱਕ ਵਿਸ਼ੇਸ਼ ਰੋਬੋਟ ਮੱਛੀ ਬਣਾਈ ਹੈ, ਜਿਸ ਦਾ ਕੰਮ ਮਾਈਕ੍ਰੋਪਲਾਸਟਿਕਸ (ਚਾਵਲ ਦੇ ਦਾਣੇਤੋਂ ਬਹੁਤ ਛੋਟੇ ਪਲਾਸਟਿਕ ਦੇ ਟੁਕੜੇ) ਨੂੰ ਖਾਣਾ ਹੈ।



ਦੱਖਣ-ਪੱਛਮੀ ਚੀਨ ਦੀ ਸਿਚੁਆਨ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਟੀਮ ਨੇ ਦੱਸਿਆ ਹੈ ਕਿ ਇਹ ਰੋਬੋਟਿਕ ਮੱਛੀਆਂ ਇੱਕ ਦਿਨ ਦੁਨੀਆਂ ਭਰ ਦੇ ਸਮੁੰਦਰ ਸਾਫ਼ ਕਰ ਦੇਣਗੀਆਂ। ਛੂਹਣ ਲਈ ਬਹੁਤ ਨਾਜ਼ੁਕ ਅਤੇ 1.3 ਸੈਂਟੀਮੀਟਰ (0.5 ਇੰਚ) ਤਕ ਲੰਬੀਆਂ ਇਹ ਮੱਛੀਆਂ ਪਾਣੀ ਵਿੱਚੋਂ ਮਾਈਕ੍ਰੋਪਾਸਟਿਕਸ ਹਟਾਉਣ ਲਈ ਸਤ੍ਹਾ ਵਿੱਚ ਡੂੰਘੇ ਕੰਮ ਕਰ ਰਹੀਆਂ ਹਨ। ਟੀਮ ਦਾ ਕਹਿਣਾ ਹੈ ਕਿ ਉਹ ਅਜੇ ਵੀ ਰੋਬੋਟਿਕ ਮੱਛੀਆਂ ਦਾ ਕੰਮ ਕਰ ਰਹੇ ਹਨ ਤਾਂ ਜੋ ਉਹ ਇੱਕ ਦਿਨ ਡੂੰਘਾਈ ਵਿੱਚ ਜਾ ਸਕਣ ਅਤੇ ਪਾਣੀ ਵਿੱਚੋਂ ਮਾਈਕ੍ਰੋਪਲਾਸਟਿਕਸ ਖਾ ਸਕਣ। ਰੋਬੋਟ ਨੂੰ ਬਣਾਉਣ ਵਾਲੀ ਟੀਮ ਦੇ ਖੋਜੀ ਵੈਂਗ ਯੂਆਨ ਨੇ ਕਿਹਾ ਕਿ ਰੋਬੋਟ ਮੱਛੀ ਨੂੰ ਹੋਰ ਸਮਰੱਥ ਬਣਾਉਣ ਲਈ ਖੋਜ ਚੱਲ ਰਹੀ ਹੈ। ਤਾਂ ਇੱਕ ਦਿਨ ਸਮੁੰਦਰ ਵਿੱਚ ਮੌਜੂਦ ਪ੍ਰਦੂਸ਼ਣ ਬਾਰੇ ਵੀ ਜਾਣਕਾਰੀ ਦੇ ਸਕਣ। ਉਨ੍ਹਾਂ ਕਿਹਾ ਕਿ ਅਸੀਂ ਘੱਟ ਵਜ਼ਨ ਵਾਲਾ ਛੋਟਾ ਰੋਬੋਟ ਬਣਾਇਆ ਹੈ, ਜਿਸ ਨੂੰ ਕਈ ਤਰ੍ਹਾਂ ਵਰਤਿਆ ਜਾ ਸਕਦਾ ਹੈ। ਮਿਸਾਲ ਲਈ ਬਾਇਓਮੈਡੀਕਲ ਜਾਂ ਖਤਰਨਾਕ ਓਪਰੇਸ਼ਨਾਂ ਲਈ। ਇਹ ਛੋਟਾ ਜਿਹਾ ਰੋਬੋਟ ਤੁਹਾਡੇ ਸਰੀਰ ਵਿੱਚ ਲਾਇਆ ਜਾ ਸਕਦਾ ਹੈ, ਜਿਸ ਨਾਲ ਤੁਹਾਡੀ ਬਿਮਾਰੀ ਖ਼ਤਮ ਕਰਨ ਵਿੱਚ ਮਦਦ ਮਿਲ ਸਕੇ। ਰੋਬੋਟ ਮੱਛੀ ਆਪਣੇ ਖੰਭ ਹਿਲਾ ਸਕਦੀ ਅਤੇ ਪੰਜ ਕਿਲੋ ਪਲਾ-ਸਟਿਕ ਚੁੱਕ ਸਕਦੀ ਹੈ।

# ਕਾਰ ਵਿੱਚ ਬੈਠੇ ਤਿੰਨ ਸਾਲਾ ਮਾਸੂਮ ਦੀ ਗਰਮੀ ਕਾਰਨ ਮੌਤ

ਮਿਆਮੀ ਗਾਰਡਨ, 14 ਜੁਲਾਈ (ਪੋਸਟ ਬਿਊਰੋ)- ਦੱਖਣੀ ਫਲੋਰੀਡਾ ਦੇ ਪ੍ਰੀਸਕੂਲ ਦੇ ਬਾਹਰ ਇੱਕ ਕਾਰ ਵਿੱਚ ਛੱਡੇ ਜਾਣ ਕਾਰਨ ਤਿੰਨ ਸਾਲਾ ਮਾਸੂਮ ਦੀ ਮੌਤ ਹੋ ਗਈ, ਜਿੱਥੇ ਉਸਦੇ ਮਾਤਾ-ਪਿਤਾ ਦੋਵੇਂ ਸਟਾਫ਼ ਮੈਂਬਰ ਹਨ।

ਮਿਆਮੀ ਹੇਰਾਲਡ ਦੀ ਰਿਪੋਰਟ ਅਨੁਸਾਰ ਬੱਚਾ ਉਸੇ ਪਰਵਾਰ ਦੇ ਕਈ ਬੱਚਿਆਂ ਵਿੱਚੋਂ ਇੱਕ ਸੀ, ਜੋ ਮਿਆਮੀ ਗਾਰਡਨ ਵਿੱਚ ਲੁਬਾਵਿੱਚ ਐਜੂਕੇਸ਼ਨਲ ਸੈਂਟਰ ਵਿੱਚ ਪੜ੍ਹਦੇ ਹਨ। ਬਾਹਰ



ਤਾਪਮਾਨ 90 ਦੇ ਦਹਾਕੇ ਦੇ ਮੱਧ ਫ਼ਾਰਨਹੀਟ ਵਿੱਚ ਸੀ। ਬੇਹੋਸ਼ੀ ਦੀ ਹਾਲਤ ਵਿੱਚ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹੇਰਾਲਡ ਦੀ ਰਿਪੋਰਟ ਅਨੁਸਾਰ ਕੱਲ੍ਹ ਦੇਰ ਰਾਤ ਪੁਲਸ ਨੇ ਮੁੰਡੇ ਦੇ ਪਿਤਾ ਤੋਂ ਪੁੱਛਗਿੱਛ ਕੀਤੀ ਸੀ। ਕੇਂਦਰ ਦੇ ਡੀਨ ਨੇ ਕੱਲ੍ਹ ਦੇਰ ਰਾਤ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ ਇਹ ਦੁਖਾਂਤ ਘਰ ਦੇ ਨੇੜੇ ਵਾਪਰਿਆ ਤੇ ਸਾਡੇ ਸਕੂਲੀ ਭਾਈਚਾਰੇ ਦੇ ਬਹੁਤ ਸਾਰੇ ਲੋਕ ਇਸ ਤੋਂ ਪ੍ਰਭਾਵਤ ਹੋਏ ਹਨ। ਕੋਰਫ ਨੇ ਕਿਹਾ ਕਿ ਕੱਲ੍ਹ ਸੈਂਟਰ ਵਿੱਚ ਸਟਾਫ ਅਤੇ ਵਿਦਿਆਰਥੀਆਂ ਲਈ ਇੱਕ ਥੈਰੇਪਿਸਟ ਅਤੇ ਸੋਗ ਸਲਾਹਕਾਰ ਉਪਲਬਧ ਹੋਵੇਗਾ।

# ਨਿਊਜ਼ੀਲੈਂਡ ਵਿੱਚ ਅਪਰਾਧਿਕ ਮਾਮਲਿਆਂ ਵਿਚ ਲਗਾਤਾਰ ਹੋਣ ਲੱਗਾ ਵਾਧਾ

ਆਕਲੈਂਡ, 14 ਜੁਲਾਈ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਅਪਰਾਧਿਕ ਕੇਸਾਂ ਦਾ ਗ੍ਰਾਫ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ, ਜਿਸ ਨਾਲ ਇੱਥੋਂ ਦੇ ਲੋਕਾਂ ਵਿੱਚ ਦਹਿਸ਼ਤ ਵਧਦੀ ਜਾ ਰਹੀ ਅਤੇ ਲੋਕ ਸਰਕਾਰ ਅਤੇ ਪੁਲਸ ਦੀ ਕਾਰਗੁਜ਼ਾਰੀ ਉੱਤੇ ਵੀ ਸਵਾਲ ਚੁੱਕ ਰਹੇ ਹਨ। ਬੀਤੇ ਕੁਝ ਮਹੀਨਿਆਂ ਤੋਂ ਰੋਜ਼ ਕਿਸੇ ਨਾ ਕਿਸੇ ਸ਼ਹਿਰ ਵਿੱਚ ਦੁਕਾਨ, ਡੇਅਰੀ, ਸ਼ਾਪਿੰਗ ਮਾਲ, ਗਹਿਣਿਆਂ ਦੀਆਂ ਦੁਕਾਨਾਂ ਉੱਤੇ ਰਾਤ ਨੂੰ ਭੰਨ-ਤੋੜ ਕਰਕੇ ਲੁਟ-ਖੋਹ ਦੀਆਂ ਖ਼ਬਰਾਂ ਆ ਰਹੀਆਂ ਹਨ।






ਕੱਲ੍ਹ ਦੁਪਹਿਰ ਸਮੇਂ ਪਾਪਾਟੋਏਟੋਏ ਖੇਤਰ ਵਿੱਚ ਗ੍ਰੇਟ ਸਾਊਥ ਰੋਡ ਉੱਤੇ ਬਾਜ਼ਾਰ ਵਿੱਚ ਬਣੀ ਏ ਐਨ ਜ਼ੈਡ ਬੈਂਕ ਦੇ ਬਾਹਰੋਂ ਇੱਕ ਵਿਅਕਤੀ ਤੋਂ ਹਥਿਆਰ ਨਾਲ ਲੈਸ ਕੁਝ ਲੁਟੇਰਿਆਂ ਨੇ ਸਾਰੀ ਨਕਦੀ ਖੋਹ ਲਈ ਅਤੇ ਫ਼ਰਾਰ ਹੋ ਗਏ। ਨੇੜੇ ਮੌਜੂਦ ਦੁਕਾਨਦਾਰ ਨੇ ਦੱਸਿਆ ਕਿ ਲੁਟੇਰਿਆਂ ਕੋਲ ਹਥਿਆਰ ਸਨ ਤੇ ਉਨ੍ਹਾਂ ਨੇ ਬੈਂਕ ਦੇ ਬਾਹਰੋਂ ਹਥਿਆਰ ਦੀ ਨੋਕ ਉੱਤੇ ਇੱਕ ਵਿਅਕਤੀ ਤੋਂ ਨਕਦੀ ਲੁੱਟ ਲਈ। ਇਸ ਤੋਂ ਬਾਅਦ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੋਰ ਵੀ ਵਧ ਗਿਆ।

ਰਾਜਧਾਨੀ ਵੈਲਿੰਗਟਨ ਨੇੜੇ ਪੈਂਦੇ ਖੇਤਰ ਹਾਕਸ ਬੇਅ ਦੇ ਸ਼ਹਿਰ ਹੇਸਟਿੰਗ, ਜਿੱਥੇ ਪੰਜਾਬੀਆਂ ਦੀ ਸੰਘਣੀ ਵਸੋਂ ਹੈ, ਵਿਖੇ ਬੀਤੀ ਰਾਤ ਇੱਕ ਪੰਜਾਬੀ ਟੈਕਸੀ ਡਰਾਈਵਰ ਉੱਤੇ ਇੱਕ ਵਿਅਕਤੀ ਨੇ ਜਾਨ-ਲੇਵਾ ਹਮਲਾ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਟੈਕਸੀ ਡਰਾਈਵਰ, ਜਿਸ ਦੀ ਉਮਰ 60 ਸਾਲ ਦੇ ਕਰੀਬ ਹੈ, ਨੂੰ ਵੀ ਕਰੀਬ 30-32 ਸਾਲ ਦੇ ਇੱਕ ਨੌਜਵਾਨ ਨੇ ਅੱਧ ਮਰਿਆ ਕਰਕੇ ਸੜਕ ਉੱਤੇ ਸੁੱਟ ਦਿੱਤਾ, ਜਿਸ ਪਿੱਛੋਂ ਇਸ ਨੂੰ ਐਂਬੂਲੈਂਸ ਰਾਹੀਂ ਸਥਾਨਕ ਹਸਪਤਾਲ ਭੇਜਿਆ ਗਿਆ ਪਰ ਹਾਲਤ ਗੰਭੀਰ ਹੋਣ ਕਾਰਨ ਵੈਲਿੰਗਨ ਹਸਪਤਾਲ ਭੇਜ ਦਿੱਤਾ ਗਿਆ।

## ਬੱਚੇ ਨੇ ਮਿਊਜ਼ੀਅਮ ਵਿੱਚ ਲੁੱਕ ਕੇ ਰਹਿ ਰਹੇ ਪਰਵਾਰ ਦੀਪੋਲ ਖੋਲ੍ਹੀ


ਵਾਸ਼ਿੰਗਟਨ, 14 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਪਰਵਾਰ ਮਿਊਜ਼ੀਅਮ ਵਿੱਚ ਲੁੱਕ ਕੇ ਰਹਿੰਦਾ ਸੀ। ਨਵੇਦਾ ਦੇ ਚਿਲਡਰਨ ਮਿਊਜ਼ੀਅਮ ਵਿੱਚ ਕੰਮ ਕਰਦੇ ਚੌਕੀਦਾਰ ਨੇ ਉਸ ਨੂੰ ਆਪਣਾ ਘਰ ਬਣਾ ਲਿਆ ਸੀ। ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਮਿਊਜ਼ੀਅਮ ਵਿੱਚ ਹੀ ਰਹਿ ਰਿਹਾ ਸੀ।ਉਸਦੇ ਦੋ ਸਾਲ ਦੇ ਬੱਚੇ ਨੂੰ ਇਕੱਲਾ ਘੁੰਮਦਿਆਂ ਦੇਖਣ ਪਿੱਛੋਂ ਮਿਊਜ਼ੀਅਮ ਪ੍ਰਸ਼ਾਸਨ ਨੂੰ ਸ਼ੱਕ ਹੋਇਆ। ਜਾਂਚ ਕਰਨ ਉੱਤੇ ਮਿਊਜ਼ੀਅਮ ਵਿੱਚ ਸਲੀਪਿੰਗ ਬੈਗ, ਕੱਪੜੇ, ਮੈਟ੍ਰਸ ਅਤੇ ਖਾਣ-ਪੀਣ ਦਾ ਸਾਮਾਨ ਮਿਲਿਆ। ਮਿਊਜ਼ੀਅਮ ਨੂੰ ਸੀਲ ਕਰ ਦਿੱਤਾ ਗਿਆ ਹੈ।



41 ਸਾਲ ਦੇ ਮੁਲਜ਼ਮ ਚੌਕੀਦਾਰ ਦੀ ਪਤਨੀ ਵੀ ਉਸੇ ਮਿਊਜ਼ੀਅਮ ਵਿੱਚ ਕੰਮ ਕਰਦੀ ਸੀ। ਦੋਨੋਂ ਨੇ ਚੁਸਤੀ ਨਾਲ ਮਿਊਜ਼ੀਅਮ ਵਿੱਚ ਆਪਣਾ ਘਰ ਬਣਾ ਲਿਆ। ਚਾਰ ਲੋਕਾਂ ਦਾ ਪੂਰਾ ਪਰਵਾਰ ਮਿਊਜ਼ੀਅਮ ਵਿੱਚ ਰਹਿੰਦਾਸੀ ਪਰ ਕਿਸੇ ਨੂੰ ਇਸ ਦੀ ਖ਼ਬਰ ਨਹੀਂ ਹੋਈ। ਕੁਝ ਦਿਨ ਪਹਿਲਾਂ ਮਿਊਜ਼ੀਅਮ ਦੇ ਬੰਦ ਹੋਣ ਤੋਂ ਬਾਅਦ ਉਸ ਵਿੱਚ ਦੋ ਸਾਲ ਦੇ ਇੱਕ ਬੱਚੇ ਨੂੰ ਘੁੰਮਦਿਆਂ ਦੇਖਿਆ ਗਿਆ ਜਿਸ ਤੋਂ ਬਾਅਦ ਸ਼ੱਕ ਹੋਣ ਉੱਤੇ ਮਿਊਜ਼ੀਅਮ ਪ੍ਰਸ਼ਾਸਨ ਨੇ ਪੂਰੀ ਬਿਲਡਿੰਗ ਦੀ ਜਾਂਚ ਕੀਤੀ ਤਾਂ ਇਹ ਭੇਦ ਖੁੱਲ੍ਹ ਗਿਆ।ਮਿਊਜ਼ੀਅਮ ਵਿੱਚ ਘਰ-ਗ੍ਰਹਿਸਥੀ ਦੇ ਸਾਰੇ ਸਾਜੋ-ਸਾਮਾਨ ਦੇ ਨਾਲ ਉਥੋਂ ਖਤਰਨਾਕ ਹਥਿਆਰ ਅਤੇ ਡਰੱਗਸ ਵੀ ਬਰਾਮਦ ਹੋਏ ਹਨ। ਜਾਂਚ ਵਿੱਚ ਇੱਥੋਂ ਏ ਕੇ 47, ਪਿਸਤੌਲ, ਹੈਂਡ-ਗ੍ਰੇਨੇਡ ਵਰਗੇ ਹਥਿਆਰ ਮਿਲੇ। ਪੁਲਸ ਨੂੰ ਸ਼ੱਕ ਹੈ ਕਿ ਹਥਿਆਰ ਤੇ ਡਰੱਗਸ ਬੱਚੇ ਦੀ ਮਦਦ ਨਾਲ ਮਿਊਜ਼ੀਅਮ ਵਿੱਚ ਪੁਚਾਏ ਸਨ। ਮਿਊਜ਼ੀਅਮ ਅਥਾਰਿਟੀ ਨੇ ਜੋੜੇ ਨੂੰ ਕੰਮ ਤੋਂ ਕੱਢ ਦਿੱਤਾ ਹੈ। ਪੁਲਸ ਨੇ ਦੋਹਾਂ ਉੱਤੇਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਧਰਤੀ ਦੇ ਕ੍ਰਸਟ ਦਾ 400 ਕਰੋੜ ਸਾਲ ਪੁਰਾਣਾ ਟੁਕੜਾ ਮਿਲਿਆ

ਸਿਡਨੀ, 14 ਜੁਲਾਈ (ਪੋਸਟ ਬਿਊਰੋ)- ਆਸਟਰੇਲੀਆ ਦੀ ਕਰਟਿਨ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਧਰਤੀ ਦੇ ਕ੍ਰਸਟ ਦਾ ਕਰੀਬ ਚਾਰ ਸੌ ਕਰੋੜ ਸਾਲ ਪੁਰਾਣਾ ਟੁਕੜਾ ਲੱਭਿਆ ਹੈ, ਜੋ ਦੱਖਣੀ ਆਸਟਰੇਲੀਆ ਦੇ ਦੱਖਣੀ-ਪੱਛਮੀ ਹਿੱਸੇ ਦੇ ਹੇਠਾਂ ਸਥਿਤ ਹੈ। ਸਮੁੰਦਰ ਤਟ ਦੀ ਰੇਤ ਤੋਂ ਕੱਢੇ ਗਏ ਖਣਿਜ ਦੇ ਛੋਟੇ ਦਾਣੇ ਉੱਤੇ, ਵਾਲ ਤੋਂ ਪਤਲੀ ਲੇਜ਼ਰ ਫਾਇਰਿੰਗ ਕਰ ਕੇ ਉਸ ਨੂੰ ਲੱਭਿਆ ਗਿਆ ਹੈ। ਇਸ ਨਵੀਂ ਖੋਜ ਨਾਲ ਇਸ ਗ੍ਰਹਿ ਦੇ ਵਿਕਾਸ ਦੀ ਜਾਣਕਾਰੀ ਮਿਲਦੀ ਹੈ ਕਿ ਕਿਵੇਂ ਇੱਕ ਨਿਰਜਨ ਗ੍ਰਹਿ ਰਹਿਣ ਯੋਗ ਬਣਿਆ।



ਮੁੱਖ ਖੋਜੀ ਮੈਕਸਮਿਲੀਅਨ ਡ੍ਰੋਲੇਨਰ ਦਾ ਕਹਿਣਾ ਹੈ ਕਿ ਲੇਜ਼ਰ ਦੀ ਵਰਤੋਂ ਜਿਕਰੋਨ ਮਿਨਰਲ ਦੇ ਅਲੱਗ-ਅਲੱਗ ਦਾਣਿਆਂ ਨੂੰ ਵਾਸ਼ਪੀਕਰਨ ਕਰਨ ਲਈ ਕੀਤੀ ਗਈ ਸੀ। ਇਸ ਨੂੰ ਲੇਜ਼ਰ ਐਬਲੇਸ਼ਨ ਸਪਿਲਟ ਸਟਰੀਮ-ਇੰਡਕਟਿਵਲੀ ਕਪਲਡ ਪਲਾਜ਼ਮਾ-ਮਾਸ ਸਪੈਕਟ੍ਰੋਮੈਟਰੀ ਵਜੋਂ ਜਾਣਿਆ ਜਾਂਦਾ ਹੈ, ਇਸ ਤਰ੍ਹਾਂ ਵਿਗਿਆਨੀ ਇਹ ਪਤਾ ਲਗਾ ਸਕਦੇ ਹਨ ਕਿ ਦਾਣੇ ਕਿੰਨੇ ਪੁਰਾਣੇ ਹਨ ਅਤੇ ਦੂਸਰੇ ਦਾਣਿਆਂ ਨਾਲ ਤੁਲਨਾ ਕਰ ਸਕਦੇ ਹਨ। ਇਸ ਤੋਂ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਇਹ ਦਾਣੇ ਮੂਲ ਰੂਪ 'ਚ ਕਿੱਥੋਂ ਨਸ਼ਟ ਹੋ ਗਏ ਸਨ। ਨਾਲ ਹੀ, ਇਸ ਤੋਂ ਇਲਾਕੇ ਦਾ ਭੂ-ਵਿ-ਗਆਨਕ ਇਤਿਹਾਸ ਦੇ ਬਾਰੇ ਵਿੱਚ ਵੀ ਪਤਾ ਲੱਗਾ। ਡ੍ਰੋਲੇਨਰ ਦਾ ਕਹਿਣਾ ਹੈ ਕਿ ਧਰਤੀ ਦੇ ਕ੍ਰਸਟ ਦੇ ਇਸ ਟੁਕੜੇ ਦਾ ਆਕਾਰ ਆਇਰਲੈਂਡ ਦੇ ਆਕਾਰ ਦੇ ਬਰਾਬਰ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਸਬੂਤ ਮਿਲਿਆ ਹੈ ਕਿ ਚਾਰ ਸੌ ਕਰੋੜ ਸਾਲ ਪੁਰਾਣਾ ਇਹ ਟੁਕੜਾ, ਕਰੋੜਾਂ ਸਾਲ ਤੋਂ ਦੱਖਣੀ ਆਸਟਰੇਲੀਆ ਦੇ ਭੂ ਵਿਗਿਆਨਕ ਵਿਕਾਸ ਨੂੰ ਪ੍ਰਭਾਵਤ ਕਰ ਰਿਹਾ ਹੈ। ਨਾਲ ਹੀ, ਉਥੇ ਬਣੀਆਂ ਚੱਟਾਨਾਂ ਦੇ ਬਣਨ ਵਿੱਚ ਇਸ ਦੀ ਅਹਿਮ ਭੂਮਿਕਾ ਰਹੀ ਹੈ।

ਟੇਰਾ ਨੋਵਾ ਜਰਨਲ ਮੁਤਾਬਕ ਇਸ ਖੋਜ ਤੋਂ ਪਤਾ ਲੱਗਾ ਹੈ ਕਿ ਚਾਰ ਸੌ ਕਰੋੜ ਸਾਲ ਪਹਿਲਾਂ, ਧਰਤੀ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਬਦਲਾਅ ਹੋਇਆ ਸੀ ਕਿਉਂਕਿ ਉਲਕਾਪਿੰਡਾਂ ਦੀ ਬੰਬਾਰੀ ਘੱਟ ਹੋ ਗਈ ਸੀ, ਕ੍ਰਸਟ ਸਥਿਰ ਹੋ ਗਿਆ ਅਤੇ ਧਰਤੀ ਉੱਤੇ ਜੀਵਨ ਸਥਾਪਤ ਹੋਣਾ ਸ਼ੁਰੂ ਹੋ ਗਿਆ ਸੀ। ਵਿਗਿਆਨੀਆਂ ਦਾ ਕਹਿਣਾ ਹੈ ਕਿ ਪਹਿਲਾਂ ਕਦੀ ਇਸ ਖੇਤਰ ਦਾ ਵੱਡੇ ਪੱਧਰ ਉੱਤੇ ਸਰਵੇ ਨਹੀਂ ਕੀਤਾ ਗਿਆ। ਮੌਜੂਦਾ ਅੰਕੜਿਆਂ ਨਾਲ ਤੁਲਨਾ ਕਰਨ ਉੱਤੇ ਬਹੁਤ ਵਧੀਆ ਨਤੀਜੇ ਮਿਲੇ ਹਨ।

# ਗੋਆ ਦੀ ਲੜਾਈ ਵਿਚ ਇਕੱਠੇ ਲੜੇ ਦੋ ਸੈਨਿਕਾਂ ਦਾ 60 ਸਾਲ ਬਾਅਦ ਹੋਇਆ ਮਿਲਾਪ



ਬਰੈਂਪਟਨ, (ਡਾ. ਝੰਡ) - ਇਸ ਨੂੰ ਮਹਿਜ਼ ਇਤਫ਼ਾਕ, ਮੌਕਾ-ਮੇਲ ਜਾਂ ਹੋਰ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ, ਪਰ ਹੈ ਇਹ ਸੌ-ਫ਼ੀਸਦੀ ਹਕੀਕਤ। ਲੰਘੇ ਸ਼ਨੀਵਾਰ 9 ਜੁਲਾਈ ਨੂੰ ਬਰੈਂਪਟਨ ਦੇ 187 ਡੀਅਰਹੱਰਸਟ ਡਰਾਈਵ ਸਥਿਤ ਗੁਰਦੁਆਰਾ ਸਾਹਿਬ 'ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਖੇ ਹੋਏ ਇਕ ਧਾਰਮਿਕ ਸਮਾਗ਼ਮ ਵਿਚ 18 ਦਸੰਬਰ 1961 ਨੂੰ ਹੋਈ ਗੋਆ ਦੀ ਇਤਿਹਾਸਕ ਲੜਾਈ ਵਿਚ ਭਾਰਤੀ ਫ਼ੌਜ ਵੱਲੋਂ ਇਕੱਠੇ ਲੜੇ ਦੋ ਭਾਰਤੀ ਸੈਨਿਕ 60 ਸਾਲ ਬਾਅਦ ਇਕ ਦੂਸਰੇ ਨੂੰ ਮਿਲੇ। ... ਤੇ ਇਸ ਦੇ ਲਈ ਮੌਕਾ ਬਣਿਆ, ਬਰੈਂਪਟਨ ਈਸਟ ਤੋਂ ਹੋਈ ਪ੍ਰੋਵਿੰਸ਼ੀਅਲ ਚੋਣ ਵਿਚ ਬਣੇ ਨਵੇਂ ਐੱਮ.ਪੀ.ਪੀ. ਹਰਦੀਪ ਸਿੰਘ ਗਰੇਵਾਲ ਦੇ ਪਰਿਵਾਰ ਵੱਲੋਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਆਯੋਜਿਤ ਕੀਤਾ ਗਿਆ ਸੁਖਮਨੀ ਸਾਹਿਬ ਸਮਾਗ਼ਮ।

ਸਮਾਗ਼ਮ ਵਿਚ ਭਾਗ ਲੈਣ ਲਈ ਹਰਦੀਪ ਸਿੰਘ ਗਰੇਵਾਲ ਦੇ ਹੋਰ ਕਈ ਸ਼ੁਭਚਿੰਤਕਾਂ ਵਾਂਗ ਕੈਪਟਨ ਇਕਬਾਲ ਸਿੰਘ ਵਿਰਕ ਵੀ ਇਸ ਗੁਰੂਘਰ ਵਿਚ ਪਹੁੰਚੇ। ਹਾਲ ਸਾਰਾ ਸੰਗਤਾਂ ਨਾਲ ਭਰਿਆ ਹੋਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਣ ਤੋਂ ਬਾਅਦ ਕੈਪਟਨ ਵਿਰਕ ਵੀ ਹਾਲ ਦੀ ਇਕ ਨੁੱਕਰੇ ਬੈਠ ਗਏ। ਸੁਖਮਨੀ ਸਾਹਿਬ ਦੇ ਪਾਠ ਉਪਰੰਤ ਰਾਗੀ-ਜੱਥੇ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ ਅਤੇ ਫਿਰ ਕੁਝ ਭਾਸ਼ਣ ਵੀ ਹੋਏ। ਸਮਾਗ਼ਮ ਦੀ ਸਮਾਪਤੀ 'ਤੇ ਕੈਪਟਨ ਵਿਰਕ ਦੀ ਨਿਗਾਹ ਹਰਦੀਪ ਗਰੇਵਾਲ ਦੇ ਦਾਦਾ ਜੀ ਅਤੇ ਜਗਦੀਸ਼ ਗਰੇਵਾਲ ਦੇ ਪਿਤਾ ਜੀ ਕੈਪਟਨ ਕ੍ਰਿਪਾਲ ਸਿੰਘ ਗਰੇਵਾਲ 'ਤੇ ਪਈ। 60 ਸਾਲ ਪਹਿਲਾਂ ਮਿਲੇ ਭਾਰਤੀ-ਫ਼ੌਜ ਦੇ ਦੋ ਸਾਬਕਾ ਸੈਨਿਕਾਂ ਨੇ ਇਕ-ਦੂਸਰੇ ਨੂੰ ਪਛਾਣ ਲਿਆ ਅਤੇ ਉਹ ਘੁੱਟਵੀ-ਜੱਫ਼ੀ ਪਾ ਕੇ ਮਿਲੇ।

ਗੋਆ ਦੀ ਲੜਾਈ ਤੋਂ ਬਾਅਦ ਵੀ ਉਹ ਆਗਰੇ 'ਪੈਰਾ-ਬ੍ਰਿਗੇਡ' ਵਿਚ ਇਕੱਠੇ ਰਹੇ ਅਤੇ ਭਾਰਤੀ ਫ਼ੌਜ ਦੇ 'ਛਾਤਾਧਾਰੀ ਸੈਨਿਕ' (ਪੈਰਾ-ਟਰੁੱਪਰਜ਼) ਬਣੇ। ਇਸ ਦੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕੈਪਟਨ ਵਿਰਕ ਨੇ ਦੱਸਿਆ ਕਿ ਪੈਰਾ-ਟਰੁੱਪਰਾਂ ਨੂੰ ਉਸ ਸਮੇਂ ਸੱਤ ਬੇਸਿਕ-ਜੰਪ ਕਰਨ ਤੋਂ ਬਾਅਦ ਉਨ੍ਹਾਂ ਦੀ ਮਾਸਿਕ ਤਨਖ਼ਾਹ ਵਿਚ ਕੇਵਲ 20 ਰੁਪਏ ਹੀ ਵਧੇਰੇ ਮਿਲਦੇ ਹੁੰਦੇ ਸਨ। ਇਹ ਜੰਪ ਉਦੋਂ 'ਡਕੋਟਾ' ਹਵਾਈ ਜਹਾਜ਼ ਰਾਹੀਂ ਕਰਵਾਇਆ ਜਾਂਦਾ ਸੀ। ਇਨ੍ਹਾਂ ਡਕੋਟਾ ਜਹਾਜ਼ਾਂ ਦੀ ਖ਼ਰੀਦ ਅੰਗਰੇਜ਼ਾਂ ਵੱਲੋਂ ਦੂਸਰੀ ਸੰਸਾਰ ਜੰਗ ਸਮੇਂ ਕੀਤੀ ਗਈ ਸੀ। ਗੋਆ ਦੀ ਲੜਾਈ ਭਾਰਤੀ ਫ਼ੌਜ ਵੱਲੋਂ 72 ਘੰਟਿਆਂ ਵਿਚ ਜਿੱਤ ਲਈ ਗਈ ਸੀ ਅਤੇ ਇਸ ਵਿਚ ਪੈਰਾ ਬ੍ਰਿਗੇਡ ਵੱਲੋਂ ਪੰਜ ਹਜ਼ਾਰ ਪੁਰਤਗੇਜ਼ ਫ਼ੌਜੀ ਬੰਦੀ ਬਣਾਏ ਗਏ ਸਨ।

60 ਸਾਲ ਬਾਅਦ ਮਿਲਣ ਵਾਲੇ ਇਨ੍ਹਾਂ ਦੋਹਾਂ ਸਾਬਕਾ ਫ਼ੌਜੀਆਂ ਵਿਚ ਕੈਪਟਨ ਇਕਬਾਲ ਸਿੰਘ ਵਿਰਕ ਦੀ ਉਮਰ ਇਸ ਸਮੇਂ 82 ਸਾਲ ਹੈ ਅਤੇ ਕੈਪਟਨ ਕ੍ਰਿਪਾਲ ਸਿੰਘ ਗਰੇਵਾਲ ਹੁਣ 91 ਸਾਲਾਂ ਦੇ ਹਨ। ਪ੍ਰਮਾਤਮਾ ਦੋਹਾਂ ਨੂੰ ਤੰਦਰੁਸਤੀ ਭਰਪੂਰ ਲੰਬੀ ਉਮਰ ਬਖ਼ਸ਼ੇ।

# ਤਰਕਸ਼ੀਲ ਸੁਸਾਇਟੀ ਕੈਂਡਾ ਦੀ ਓਂਟਾਰੀਓ ਇਕਾਈ ਦੇ ਸੈਮੀਨਾਰ ਨੂੰ ਭਰਵਾਂ ਹੁੰਗਾਰਾ

## ਰਜਿੰਦਰ ਭਦੌੜ, ਸੁਰਜੀਤ ਦੌਧਰ, ਰਾਮ ਕੁਮਾਰ ਅਤੇ ਕੇ ਨੰਦੇਸੁ ਸੈਨਾਪਤੀ ਦਾ ਸਨਮਾਨ





ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ ਬੀਤੇ ਐਤਵਾਰ ਵੇਰਸਾਏ ਕਨਵੈਂਸ਼ਨ ਸੈਂਟਰ ਵਿਚ ਆਯੋਜਿਤ ਕੀਤੇ ਵਿਸ਼ੇਸ਼ ਸੈਮੀਨਾਰ ਨੂੰ ਬੜਾ ਭਰਵਾਂ ਹੁੰਗਾਰਾ ਮਿਲਿਆ। ਤਕਰੀਬਨ ਤਿੰਨ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਜਿਥੇ ਬੁਲਾਰਿਆਂ ਨੇ ਬੜੇ ਸੁਚੱਜੇ ਅਤੇ ਰੌਚਿਕ ਢੰਗ ਨਾਲ ਆਪੋ ਆਪਣੇ ਵਿਚਾਰ ਰੱਖੇ, ਸਰੋਤੇ ਵੀ ਨੀਜ਼ ਲਾ ਕੇ ਸਾਰੇ ਵਿਚਾਰ ਸੁਣਦੇ ਰਹੇ। ਵਿਚਾਰਾਂ ਦੇ ਆਦਾਨ ਪ੍ਰਦਾਨ ਦੇ ਨਾਲ ਨਾਲ ਇਸ ਪ੍ਰੋਗ੍ਰਾਮ ਵਿਚ ਭਾਰਤ ਤੋਂ ਆਏ ਅਤੇ ਉੱਥੇ ਤਰਕਸ਼ੀਲ ਲਹਿਰ ਵਿਚ ਵੱਡਾ ਯੋਗਦਾਨ ਪਾ ਰਹੇ ਕਾਰਕੁੰਨਾਂ, ਰਜਿੰਦਰ ਭਦੌੜ,ਸੁਰਜੀਤ ਦੌਧਰ,ਰਾਮ ਕੁਮਾਰ ਅਤੇਕੇ ਨੰਦੇਸੁ ਸੈਨਾਪਤੀ ਦਾ ਸਨਮਾਨ ਵੀ ਕੀਤਾ ਗਿਆ।

ਸੁਸਾਇੰਟੀ ਦੀ ਇਕਾਈ ਦੇ ਜਨਰਲ ਸਕੱਤਰ ਅਮਰਦੀਪ ਨੇ ਪ੍ਰੋਗਰਾਮ ਨੂੰ ਸ਼ੁਰੂ ਕਰਦਿਆਂ ਸਾਰੇ ਆਏ ਸਰੋਤਿਆਂ ਨੂੰ ਜੀ ਆਇਆਂ ਕਿਹਾ ਅਤੇ ਇਕਾਈ ਅਤੇ ਨਵੀ ਸੰਗਠਿਤ ਹੋਈ ਕਨੇਡਾ ਪੱਧਰ ਦੀ ਸੁਸਾਇਟੀ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਸੁਸਾਇੱਟੀ ਦੇ ਨੈਸ਼ਨਲ ਸਕੱਤਰ ਬਲਦੇਵ ਰਹਿਪਾ ਨੇ ਮਾਸਟਰ ਰਾਮ ਕੁਮਾਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ 70 ਵਿਆਂ ਤੋਂ ਇਨਕਲਾਬੀ ਗੀਤ ਲਿਖਣ ਗਾਉਣ, ਖੇਡਾਂ ਅਤੇ ਵਿਦਿਆ ਨੂੰ ਸਮਰਪਿਤ ਰਹੇ ਹਨ। ਇਸ ਤੋਂ ਬਾਅਦ ਮਾਸਟਰ ਰਾਮ ਕੁਮਾਰ ਅਤੇ ਉਨ੍ਹਾਂ ਦੀ ਭਦੌੜ ਮੰਡਲੀ ਵਲੋਂ ਲੋਕਾਂ ਦਾ ਇਨਕਲਾਬੀ ਗੀਤ ਗਾ ਕੇ ਮਨ ਪ੍ਰਚਾਵਾ ਕੀਤਾ ਗਿਆ। ਨੈਸ਼ਨਲ ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਤਰਕਸ਼ੀਲ ਸੁਸਾਇੱਟੀ ਉੜੀਸਾ ਅਤੇ ਭਾਰਤ ਪੱਧਰ ਤੇ ਬਣੀ ਤਰਕਸ਼ੀਲ ਸੰਸਥਾ ਵਿਚ ਸਰਗਰਮ, ਕੇ ਨੰਦੇਸੁ ਸੈਨਾਪਤੀ ਦੀ ਜਾਣ ਪਹਿਚਾਣ ਕਰਵਾਈ। ਸੈਨਾਪਤੀ ਨੇ ਉੜੀਸਾ ਅਤੇ ਭਾਰਤ ਪੱਧਰ ਤੇ ਤਰਕਸ਼ੀਲਤਾ ਦੇ ਖੇਤਰ ਵਿਚ ਕੀਤੇ ਜਾ ਰਹੇ ਉਦਮਾਂ ਬਾਰੇ ਅਪਣੇ ਵਿਚਾਰ ਰੱਖੇ। ਟਰੌਂਟੋ ਇਲਾਕੇ ਵਿਚ ਵਿਦਿਆਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੇ ਹੱਕਾਂ ਲਈ ਜੂਝ ਰਹੇ, ਅੰਤਰ ਰਾਸ਼ਟਰੀ ਸੰਸਥਾ, ਨੌਜਵਾਨ ਨੈੱਟਵਰਕ ਦੇ ਨੁਮਾਂਇੰਦੇ ਬਿਕਰਮ ਕੁਲੇਵਾਲ ਨੇ ਇਨ੍ਹਾਂ ਵਰਗਾਂ ਦੀ ਅਪਣੇ ਹੀ ਭਾਈਚਾਰੇ ਦੇ ਕੁਝ ਵਿਅੱਕਤੀਆਂ ਵਲੋਂ ਕੀਤੀ ਜਾ ਰਹੀ ਲੁੱਟ ਖਸੁੱਟ ਦਾ ਜਿਕਰ ਕੀਤਾ ਅਤੇ ਇਸ ਸੰਸਥਾ ਵਲੋਂ ਕੀਤੀ ਜਾ ਰਹੀ ਜਦੋਜਹਿਦ ਬਾਰੇ ਵੀ ਦੱਸਿਆ। ਬਲਰਾਜ ਸ਼ੌਕਰ ਨੇ ਸੁਰਜੀਤ ਦੌਧਰ ਦੀ ਜਾਣ ਪਹਿਚਾਣ ਕਰਵਾਉਂਦਿਆਂ ਦੱਸਿਆ ਕਿ ਉਹ ਐਵੇਂ ਹੀ ਜੋਤਿਸ਼ ਵਿਦਿਆ ਜਾਂ ਹੱਥ ਰੇਖਾਵਾਂ ਬਾਰੇ ਨਹੀਂ ਬੋਲਦੇ, ਸਗੋਂ ਉਨ੍ਹਾਂ ਇਨ੍ਹਾਂ ਵਿਸ਼ਿਆਂ ਦੀ ਖਾਸ ਪੜ੍ਹਾਈ ਕਰਕੇ ਸਬੰਧਿਤ ਅਦਾਰਿਆਂ ਦੇ ਮਾਹਰਾਂ ਨਾਲ ਵੀ ਬਹਿਸਾਂ ਕੀਤੀਆਂ ਅਤੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਕਿ ਇਹ ਸਾਇੰਸ ਦੀ ਕਸੌਟੀ ਤੇ ਪੂਰੇ ਨਹੀਂ ਉਤਰਦੇ। ਦੌਧਰ ਨੇ ਉਦਾਹਰਣਾ ਦਿੰਦੇ ਹੋਏ ਲੋਕਾਂ ਅੱਗੇ ਤੱਥ ਰੱਖੇ ਕਿ ਜੋਤਿਸ਼ ਜਾਂ ਹੱਥ ਰੇਖਾਵਾਂ ਦੀ ਕਹੀ ਜਾਂਦੀ ਸਾਇੰਸ ਦਾ ਕੋਈ ਠੋਸ ਆਧਾਰ ਨਹੀਂ ਅਤੇ ਨਾਂ ਹੀ ਇਸ ਨੂੰ ਜਾਣਦੇ ਲੋਕ ਕੋਈ ਭਵਿਖ ਬਾਣੀ ਕਰਨ ਦੇ ਕਾਬਿਲ ਹਨ। ਇਹ ਸਿਰਫ ਲੋਕਾਂ ਦੀ ਲੁੱਟ ਦਾ ਸਾਧਨ ਹਨ।

ਟਰੌਂਟੋ ਯੂਨੀਵਰਸਿਟੀ ਵਿਚ ਪ੍ਰੋਫੈਸਰ ਮੁਹਮਦ ਅਜ਼ੀਮ ਜੋ ਪਾਕਿ-ਸਤਾਨ ਦੀ ਲਾਹੌਰ ਯੂਨੀਵਰਸਿਟੀ ਵਿਚ ਵੀ ਪੜਾਉਂਦੇ ਹਨ ਨੇ ਅਪਣੇ ਦੇਸ਼ ਵਿਚ ਚੱਲ ਰਹੀ ਲੋਕ ਪੱਖੀ ਲਹਿਰ ਬਾਰੇ ਦਸਦਿਆਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪਾਕਿਸਤਾਨ ਦੇ ਲੋਕ ਵੀ ਵੱਡੀ ਗਿਣਤੀ ਵਿਚ ਇਹ ਵਿਚਾਰ ਅਪਣਾ ਰਹੇ ਹਨ। ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਮੁੱਖੀ ਵਿਦਿਆਰਥੀ ਚੇਤਨਾ ਵਿਭਾਗ, ਰਜਿੰਦਰ ਭਦੌੜ ਨੇ





ਅਪਣੇ ਲੈਕਚਰ ਵਿਚ ਪੰਜਾਬੀ ਲੋਕਾਂ ਵਿਚ ਫੈਲੇ ਵਹਿਮ ਭਰਮ ਅਤੇ ਉਨ੍ਹਾਂ ਨੂੰ ਘੱਟ ਕਰਨ ਲਈ ਸੋਸਾਇਟੀ ਵਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਭੂਤ, ਪ੍ਰੇਤ, ਚੜੇਲ, ਛਲੇਡੇ ਆਦਿ ਹੁੰਦੇ ਨਹੀ ਪਰ ਡਰਿਆ ਮਨ ਇਨ੍ਹਾਂ ਨੂੰ ਨਾ ਹੁੰਦੇ ਹੋਏ ਵੀ ਵੇਖਣ ਲੱਗ ਜਾਂਦਾ ਹੈ। ਇਹ ਮਾਨਸਿਕ ਸਮੱਸਿਆ ਹੈ ਜਿਸ ਨੂੰ ਸਹੀ ਇਲਾਜ ਅਤੇ ਮਾਹਿਰ ਵਲੋਂ ਦਿੱਤੇ ਸੁਝਾਵਾਂ ਨਾਲ ਠੀਕ ਕੀਤਾ ਜਾ ਸਕਦਾ ਹੈ। ਅਮ੍ਰਿਤਢਿੱਲੋਂ ਨੇ ਜੋ ਸ਼ਹੀਦ ਭਗਤ ਸਿੰਘ ਦੇ ਪ੍ਰਵਾਰ ਨਾਲ ਸਬੰਧਿਤ ਹਨ, ਸਰੋਤਿਆਂ ਨਾਲ ਸ਼ਹੀਦਾਂ ਦੇ ਜੀਵਨ ਵਿਚਲੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ। ਇਸ ਪ੍ਰੋਗਰਾਮ ਸਮੇਂ ਕਈ ਨਵੇਂ ਮੈਂਬਰ ਬਣੇ, ਬਹੁਤ ਸਾਰੇ ਲੋਕਾਂ ਨੇ ਪ੍ਰਦਰਸ਼ਨੀ ਵਿਚੋਂ ਕਿਤਾਬਾਂ ਖਰੀਦੀਆਂ ਅਤੇ ਲੋਕਾਂ ਨੇ ਸੰਸਥਾ ਦੀ ਵਿੱਤੀ ਮੱਦਦ ਵੀ ਕੀਤੀ।

ਸੁਸਾਇਟੀ ਦੇ ਮੈਂਬਰਾਂ ਵਲੋਂ ਮਾਸਟਰ ਰਾਮ ਕੁਮਾਰ,ਰਜਿੰਦਰ ਭਦੌੜ,ਸੁਰਜੀਤ ਦੌਧਰ,ਅਤੇਕੇ ਨੰਦੇਸੁ ਸੈਨਾਪਤੀ ਦਾ ਪਲੇਕਸ ਦੇ ਕੇ ਸਨਮਾਨ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਭਦੌੜ ਵਾਸੀਆਂ ਦਾ ਖਾਸ ਸਹਿਯੋਗ ਰਿਹਾ।ਕਿਤਾਬਾਂ ਦੀ ਪ੍ਰਦਰਸ਼ਨੀ ਦੀ ਜਿਮੇਵਾਰੀ ਅਮਰਦੀਪ ਦੇ ਪ੍ਰਵਾਰਿਕ ਮੈਂਬਰਾਂ ਨੇ ਨਿਭਾਈ। ਸੰਸਥਾ ਦੇ ਪ੍ਰਧਾਨ ਬਲਰਾਜ ਸ਼ੌਕਰ ਵਲੋਂ, ਅਖਬਾਰਾਂ, ਰੇਡੀਓ ਅਤੇ ਟੀ ਵੀ ਪ੍ਰੋਗਰਾਮਾਂ ਦੇ ਸੰਚਾਲਕਾਂ ਦਾ ਇਸ ਪ੍ਰੋਗਰਾਮ ਦਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕਰਨ ਲਈ ਧੰਨਵਾਦ ਕੀਤਾ ਗਿਆ ਅਤੇ ਨਾਲ ਹੀ ਉਨ੍ਹਾਂ ਸੁਸਾਇੱਟੀ ਦੇ ਸਾਰੇ ਮੈਂਬਰਾਂ ਨੂੰ ਪ੍ਰੋਗਰਾਮ ਸਫ਼ਲ ਬਣਾਉਣ ਵਿਚ ਯੋਗਦਾਨ ਦੇਣ ਲਈ ਧੰਨਵਾਦ ਕੀਤਾ। ਸੁਸਾਇਟੀ ਵਲੋਂ ਵੇਰਸਾਏ ਕਨਵੈਂਸ਼ਨ ਸੈਂਟਰ ਦਾ ਖਾਸ ਤੌਰ ਤੇ ਇਸ ਸਮਾਗਮ ਵਿਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ। ਸੁਸਾਇਟੀ, ਕਿਤਾਬਾਂ, ਮੈਂਬਰਸ਼ਿਪ, ਵਹਿਮਾਂ ਭਰਮਾਂ ਜਾਂ ਇਨ੍ਹਾਂ ਨਾਲ ਜੁੜੀਆਂ ਸਮੱਸਿਆਵਾਂਬਾਰੇ ਹੋਰ ਜਾਣਕਾਰੀ ਲਈ, ਬਲਰਾਜ ਸ਼ੌਕਰ (647 679 4398) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


# ਕੈਮਬ੍ਰਿਜ ਵਿਖ਼ੇ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਹੋਏ




ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਬਰਿਜ਼ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਪੁਰਬ ਮਨਾਇਆ ਗਿਆ ਸਜੇ ਹੋਏ ਦੀਵਾਨਾਂ ਵਿਚ ਗੁਰਦੁਆਰਾ ਸਾਹਿਬ ਦੇ ਹਜੂਰੀ ਕੀਰਤਨੀਏ ਭਾਈ ਸੁਖਜੀਵਨ ਸਿੰਘ ਝੰਡੇਰ ਦੇ ਜਥੇ ਵਲੋਂ ਕੀਰਤਨ ਕੀਤਾ ਗਿਆ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ ਵਾਲਿਆਂ ਨੇ ਭਾਈ ਮਨੀ ਸਿੰਘ ਜੀ ਦੇ ਜੀਵਨ ਇਤਿਹਾਸ ਨਾਲ ਸੰਗਤਾਂ ਨੂੰ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਭਾਈ ਮਨੀ ਸਿੰਘ ਜੀ ਦਾ ਜੀਵਨ ਸਾਨੂੰ ਇਸ ਗਲ ਦੀ ਪ੍ਰੇਣਾ ਦਿੰਦਾ ਹੈ ਕਿ ਅਸੀਂ ਗੁਰੂ ਪ੍ਰੀਤ ਵਿਚ ਜੀਵਨ ਬਤੀਤ ਕਰਨਾ ਹੈ। ਗੁਰੂ ਦੀ ਗੋਲਕ ਦੀ ਸੁਜੋਗ ਵਰਤੋਂ ਕਰਨੀ ਹੈ ਉਹਨਾਂ ਨੇ ਕਿਹਾ ਕਿ ਅਜੋਕੇ ਪ੍ਰਬੰਧਕ ਵੀਰਾਂ ਨੂੰ ਭਾਈ ਸਾਹਿਬ ਦੇ ਜੀਵਨ ਤੋਂ ਬਹੁਤੁ ਵੱਡੀ ਪ੍ਰੇਣਾ ਮਿਲਦੀ ਹੈ ਰਾਜਪਾਲ ਸਿੰਘ ਨੇ ਕਵਿਤਾ ਰਾਹੀਂ ਹਾਜ਼ਰੀ ਭਰੀ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ ਗੁਰੂ ਕਾ ਲੰਗਰ ਅਟੁੱਟ ਵਰਤਿਆ।

# 21 ਜੁਲਾਈ ਤੋਂ ਇਟੋਬੀਕੋ ਵਿੱਚ ਆ ਰਹੀ ਹੈ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ







ਟੋਰਾਂਟੋ, 14 ਜੁਲਾਈ (ਪੋਸਟ ਬਿਊਰੋ) : ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 21 ਜੁਲਾਈ, 2022 ਤੋਂ ਇਟੋਬੀਕੋ ਵਿੱਚ ਵੁੱਡਬਾਈਨ ਮਾਲ ਤੇ ਫੈਂਟੇਸੀ ਫੇਅਰ ਵਿਖੇ ਸ਼ੁਰੂ ਹੋਣ ਜਾ ਰਹੀ ਹੈ। ਇਸ ਦੌਰਾਨ ਸਰਕਸ ਵੱਲੋਂ ਜੀਟੀਏ ਵਿੱਚ ਚਾਰ ਥਾਂਵਾਂ ਦਾ ਦੌਰਾ ਕੀਤਾ ਜਾਵੇਗਾ।

ਇਸ ਸਰਕਰਸ ਵੱਲੋਂ ਬਿੱਗ ਟੌਪ ਤਹਿਤ 21 ਜੁਲਾਈ ਤੋਂ 28 ਅਗਸਤ, 2022 ਤੱਕ ਇਟੋਬੀਕੋ, ਸਕਾਰਬਰੋ, ਮਿਸੀਸਾਗਾ ਤੇ ਬਰਲਿੰਗਟਨ ਵਿੱਚ 56 ਸ਼ੋਅ ਪੇਸ਼ ਕੀਤੇ ਜਾਣਗੇ। ਇਸ ਸਾਲ ਹੁਣ ਤੱਕ ਇਹ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 2022 ਪੱਛਮੀ ਕੈਨੇਡਾ ਤੇ ਯੂਐਸਏ ਵਿੱਚ ਤਰ੍ਹਾਂ ਤਰ੍ਹਾਂ ਦੇ ਕਰਤਬ ਵਿਖਾ ਕੇ ਲੋਕਾਂ ਦੇ ਦਿਲ ਜਿੱਤ ਚੁੱਕੀ ਹੈ।

ਇਸ ਦੌਰਾਨ ਵ੍ਹੀਲ ਆਫ ਡੈਸਟਿਨੀ ਉੱਤੇ ਡੇਅਰਡੇਵਿਲ ਜੋਸਫ ਡੌਮੀਨਿਕ ਬਾਇਰ ਆਪਣੇ ਕਰਤਬ ਵਿਖਾਵੇਗਾ, ਇਸ ਤੋਂ ਇਲਾਵਾ ਸ਼ਿਕਾਗੋ ਬੌਇਜ਼, ਅਮੈਰਿਕਾਜ਼ ਗੌਟ ਟੇਲੈਂਟ ਤੋਂ ਐਕਰੋਬੈਟਿਕ ਟੀਮ ਪਲੱਸ ਫਲਾਈਂਗ ਟਰੈਪੀਜ਼, ਕੁਰਸੀਆਂ ਨੂੰ ਸੰਤੁਲਿਤ ਕਰਨਾ, ਗਾਣਾ ਗਾਉਂਦੇ ਹੋਏ ਹੈੱਡ ਬੈਲੈਂਸਿੰਗ, ਹਿਊਮਨ ਕੈਨਨ ਬਾਲ, ਹਵਾ ਵਿੱਚ ਵਾਲਾਂ ਨਾਲ ਲਟਕਣਾ, ਹੂਲਾ ਹੂਪ ਮੇਜ਼ ਤੇ ਕਾਮੇਡੀ ਆਦਿ ਪੇਸ਼ ਕੀਤੇ ਜਾਣਗੇ।

ਇੱਕ ਦਿਨ ਲਈ ਇਸ ਸਰਕਸ ਦਾ ਹਿੱਸਾ ਬਣਕੇ ਹੈਰਾਨ ਕਰ ਦੇਣ ਵਾਲੇ ਕਰਤਬਾਂ ਦਾ ਆਨੰਦ ਮਾਣੋ। ਇਹ ਕਿਫਾਇਤੀ ਤੇ ਪਰਿਵਾਰਕ ਐਂਟਰਟੇਨਮੈਂਟ ਲਈ ਬਹੁਤ ਵਧੀਆ ਮਿਸਾਲ ਬਣੇਗੀ।

ਇੱਕ ਦੀ ਕੀਮਤ ਉੱਤੇ ਦੋ ਸਰਕਸ ਵੇਖਣ ਆਓ ਤੇ ਇਸ ਲਈ www.royalcanadiancircus.ca ਉੱਤੇ ਜਾਓ ਤੇ ਪ੍ਰੋਮੋਕੋਡ : ਪੰਜਾਬੀ ਪਾਓ।

ਵਧੇਰੇ ਜਾਣਕਾਰੀ ਲਈ ਕੈਥੀ ਸਪਰਾਊਲ, ਡਾਇਰੈਕਟਰ ਪਬਲਿਕ ਰਿਲੇਸ਼ਨਜ਼ ਨਾਲ (403)815-7499 ਉੱਤੇ ਸੰਪਰਕ ਕਰੋ ਜਾਂ cathys@royalcanadiancircus.com ਉੱਤੇ ਈਮੇਲ ਕਰੋ।

ਰੌਇਲ ਕੈਨੇਡੀਅਨ ਸਰਕਸ ਵੱਲੋਂ ਹੇਠ ਲਿਖੇ ਮੁਤਾਬਕ ਟੂਰ ਕੀਤੇ ਜਾ ਰਹੇ ਹਨ :


Etobicoke, Toronto, ON:
Woodbine Mall & Fantasy Fair 500 Rexdale Blvd, July 21-24, 2022, for 8 shows.
July 21, 2022 @ 7pm
July 22, 2022 @ 4pm & 7:30pm
July 23, 2022 @ 12Noon, 4pm & 7:30pm
July 24, 2022 @ 1pm & 5pm

Scarborough, ON:
Bridlewood Mall, July 28-Aug 7, 2022, for 21 shows.
July 28, 2022 @ 7pm
July 29, 2022 @ 4pm & 7:30pm
July 30, 2022 @ 12Noon, 4pm & 7:30pm
July 31, 2022 @ 12Noon, 4pm & 7:30pm
Aug 1, 2022 @ 1pm & 5pm
Aug 2, 2022 @ 7pm
Aug 3, 2022 @ 7pm
Aug 4, 2022 @ 7pm
Aug 5, 2022 @4pm & 7:30pm
Aug 6, 2022 @ 12Noon, 4:30pm & 7:30pm
Aug 7, 2022 @ 1pm &5pm

Mississauga, ON:
Dixie Outlet Mall, Aug 11-21, 2022, for 19 shows.
Aug 11, 2022 @ 7pm
Aug 12, 2022 @ 4pm & 7:30pm
Aug 13, 2022 @ 12Noon, 4pm & 7:30pm
Aug 14, 2022 @ 1pm & 5pm
Aug 15, 2022 @ 7pm
Aug 16, 2022 @ 7pm
Aug 17, 2022 @ 7pm
Aug 18, 2022 @4pm & 7:30pm
Aug 19, 2022 @ 12Noon, 4:30pm & 7:30pm
Aug 20, 2022 @ 1pm & 5pm

Burlington, ON:
Burlington Centre, Aug 25-28, 2022, for 8 shows.
Aug 25, 2022 @ 7pm
Aug 26, 2022 @ 4pm & 7:30pm
Aug 27, 2022 @ 12Noon, 4pm & 7:30pm
Aug 28, 2022 @ 1pm & 5pm

# ਸੰਤ ਬਾਬਾ ਲੱਖਾ ਸਿੰਘ ਨਾਨਕਸਰ ਵਾਲੇ ਟੋਰਾਂਟੋ ਫੇਰੀ ’ਤੇ



ਨਾਨਕਸਰ ਕਲੇਰਾਂ ਵਾਲੇ ਸੰਤ ਬਾਬਾ ਲੱਖਾ ਸਿੰਘ ਜੀ ਅੱਜ ਕੱਲ੍ਹ ਟੋਰਾਂਟੋ ਫੇਰੀ ਤੇ ਆਏ ਹੋਏ ਹਨ। ਏਥੇ ਉਹ ਵੱਡੇ ਸਮਾਗਮਾਂ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ਼ ਜੋੜ ਰਹੇ ਹਨ। ਇਸ ਤੋਂ ਪਹਿਲਾਂ ਉਹ ਅਮੈਰਿਕਾ ਅਤੇ ਕੈਨੇਡਾ ਵੈਸਟ ਦੀ ਫੇਰੀ ਕਰ ਚੁੱਕੇ ਹਨ ਜਿੱਥੇ ਵੱਖ-ਵੱਖ ਸਮਾਗਮਾਂ ਰਾਹੀਂ ਸੰਗਤਾਂ ਨਾਲ਼ ਵਿਚਾਰ-ਵਟਾਂਦਰੇ ਕਰ ਚੁੱਕੇ ਹਨ। ਟੋਰਾਂਟੋ ਵਿੱਚ ਉਹਨਾਂ ਦੇ ਸਮਾਗਮਾਂ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ 1-778-981-1002 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਲਵਾਰਾ ਹਵਾਈ ਅੱਡੇ ਬਾਰੇ ਕੈਪਟਨ ਅਮਰਿੰਦਰ, ਚੰਨੀ ਅਤੇ ਆਪ ਦੇ ਹਵਾਈ ਦਾਅਵੇ

ਗੁਰੂਸਰ ਸੁਧਾਰ, 14 ਜੁਲਾਈ (ਪੋਸਟ ਬਿਊਰੋ)- ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦਾ ਨਾਂਅ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂਅ ਉੱਤੇ ਰੱਖਣ ਲਈ ਵਾਅਦੇ ਅਤੇ ਦਾਅਵੇ ਕੈਪਟਨ ਅਮਰਿੰਦਰ ਸਿੰਘ ਤੇ ਚੰਨੀ ਦੀਆਂ ਕਾਂਗਰਸ ਸਰਕਾਰਾਂ ਸਮੇਤ ਆਮ ਆਦਮੀ ਪਾਰਟੀ ਨੇ ਵੀ ਕੀਤੇ ਸਨ, ਪਰ ਹਕੀਕਤ ਕੁਝ ਹੋਰ ਹੈ।

ਕੇਂਦਰ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਅਨੁਸਾਰ ਅੱਜ ਤਕ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਅਜਿਹਾ ਕੋਈ ਪ੍ਰਸਤਾਵ ਮਿਲਿਆ ਹੀ ਨਹੀਂ। ਹਲਵਾਰਾ ਦੇ ਕੌਮਾਂਤਰੀ ਹਵਾਈ ਅੱਡੇ ਦੇ ਨਾਮਕਰਨ ਲਈ ਅਰਸੇ ਤੋਂ ਆਵਾਜ਼ ਉਠਾ ਰਹੇ ਇਸ ਇਲਾਕੇ ਦੇ ਸਮਾਜ ਸੇਵੀ ਸੁਖਵਿੰਦਰ ਸਿੰਘ ਹਲਵਾਰਾ ਨੂੰ ਕੇਂਦਰੀ ਹਵਾਬਾਜ਼ੀ ਮੰਤਰਾਲੇ ਤੋਂ ਸੂਚਨਾ ਅਧਿਕਾਰ ਕਾਨੂੰਨ ਅਧੀਨ ਦਿੱਤੀ ਗਈ ਇਹ ਜਾਣਕਾਰੀ ਮਿਲੀ ਹੈ।

ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਡਾਕਟਰ ਅਮਰ ਸਿੰਘ ਬੋਪਾਰਾਏ ਨੇ ਵੀ ਕਈ ਵਾਰ ਹਵਾਈ ਅੱਡੇ ਦਾ ਨਾਂਅ ਸ਼ਹੀਦ ਸਰਾਭਾ ਦੇ ਨਾਂਅ ਉੱਤੇ ਰੱਖਣ ਦੇ ਦਾਅਵੇ ਕੀਤੇ ਸਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚ ਲੋਕ ਨਿਰਮਾਣ ਮੰਤਰੀ ਵਿਜੈਇੰਦਰ ਸਿੰਗਲਾ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਸੜਕ ਦਾ ਉਦਘਾਟਨ ਕਰ ਕੇ ਦਾਅਵਾ ਕੀਤਾ ਸੀ ਕਿ ਸੂਬਾ ਸਰਕਾਰ ਇਹ ਤਜਵੀਜ਼ ਭੇਜ ਰਹੀ ਹੈ। ਫਿਰ ਸ਼ਹੀਦ ਕਰਤਾਰ ਸਿੰਘ ਸਰਾਭਾ ਬੱਸ ਅੱਡਾ ਮੁੱਲਾਂਪੁਰ ਦਾ ਨੀਂਹ ਪੱਥਰ ਰੱਖਣ ਵੇਲੇ ਚਰਨਜੀਤ ਸਿੰਘ ਚੰਨੀ ਸਰਕਾਰ ਦੇ ਟਰਾਂਸਪੋਰਟ ਮੰਤਰੀ ਅਤੇ ਕਾਂਗਰਸ ਦੇ ਮੌਜੂਦਾ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦਾ ਨਾਂਅ ਸ਼ਹੀਦ ਸਰਾਭਾ ਦੇ ਨਾਂਅ ਉੱਤੇ ਰੱਖਣ ਲਈ ਪ੍ਰਸਤਾਵ ਭੇਜਣ ਦਾ ਦਾਅਵਾ ਕੀਤਾ ਸੀ। ਚੋਣਾਂ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਵੀ ਇਹੀ ਕਹਿੰਦੇ ਰਹੇ, ਪਰ ਸੂਚਨਾ ਅਧਿਕਾਰ ਕਾਨੂੰਨ ਹੇਠ ਮੰਗੀ ਸੂਚਨਾ ਅਨੁਸਾਰ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ 12 ਜੁਲਾਈ ਨੂੰ ਭੇਜੇ ਜਵਾਬ ਵਿੱਚ ਕਿਹਾ ਕਿ ਆਮ ਤੌਰ ਉੱਤੇ ਹਵਾਈ ਅੱਡੇ ਦਾ ਨਾਂਅ ਸ਼ਹਿਰ ਦੇ ਨਾਂਅ ਉਤੇ ਰੱਖਿਆ ਜਾਂਦਾ ਹੈ, ਪਰ ਇਸ ਤੋਂ ਵੱਖਰਾ ਕੋਈ ਨਾਂਅ ਰੱਖਣਾ ਹੋਵੇ ਤਾਂ ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪਾਸ ਕੀਤੇ ਮਤੇ ਅਨੁਸਾਰ ਵੀ ਨਾਂ ਰੱਖਿਆ ਜਾ ਸਕਦਾ ਹੈ, ਪਰ ਅੱਜ ਤਕ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਅਜਿਹਾ ਕੋਈ ਪ੍ਰਸਤਾਵ ਮਿਲਿਆ ਹੀ ਨਹੀਂ।

# ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਆਪਣੇ ਵਤਨ ਨਾਲ ਹੈ ਅਥਾਹ ਪ੍ਰੇਮ

## ਮਸਜਿਦ ਬਨਾਉਣ ਲਈ ਜ਼ਮੀਨ ਦੇਣ ਵਾਸਤੇ ਪਰਵਾਸੀ ਪੰਜਾਬੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖੀ

ਬਰੈਂਪਟਨ, (ਡਾ. ਝੰਡ) - ਵਿਦੇਸ਼ਾਂ ਵਿਚ ਵੱਸ ਰਹੇ ਪੰਜਾਬੀ ਆਪਣੇ ਪਿਆਰੇ ਪੰਜਾਬ ਨੂੰ ਘੁੱਗ-ਵੱਸਦਾ ਵੇਖਣ ਲਈ ਹਮੇਸ਼ਾ ਫ਼ਿਕਰਮੰਦ ਰਹਿੰਦੇ ਹਨ। ਉਹ ਭਾਵੇਂ ਸੱਤ ਸਮੁੰਦਰ ਪਾਰ ਬੈਠੇ ਹਨ ਪਰ ਦਿਲ ਉਨ੍ਹਾਂ ਦਾ ਪੰਜਾਬ ਵਿਚ ਹੀ ਧੜਕਦਾ ਹੈ। ਉਹ ਆਪਣੀ ਪੰਜਾਬੀ ਬੋਲੀ। ਅਮੀਰ ਪੰਜਾਬੀ ਵਿਰਸਾ ਤੇ ਸੱਭਿਆਚਾਰ ਅਤੇ ਆਪਣੇ ਪਿੰਡ, ਸ਼ਹਿਰ, ਸੂਬੇ ਤੇ ਦੇਸ਼ ਨੂੰ ਕਦੇ ਨਹੀਂ ਭੁੱਲਦੇ। ਉਹ ਚਾਹੁੰਦੇ ਹਨ ਕਿ ਪੰਜਾਬ ਵਿਚ ਸੱਭ ਧਰਮਾਂ ਦੇ ਲੋਕ ਮਿਲ਼-ਜੁਲ ਕੇ ਖ਼ੁਸ਼ੀ-ਖ਼ੁਸ਼ਹਾਲੀ ਰਹਿਣ। ਇਸ ਦੀ ਇਕ ਮਿਸਾਲ ਬੀਤੇ ਦਿਨੀਂ ਵੇਖਣ ਨੂੰ ਮਿਲੀ ਜਦੋਂ ਬਰੈਂਪਟਨ ਵਿਚ ਪਿਛਲੇ ਤਿੰਨ ਦਹਾਕਿਆਂ ਤੋਂ ਆਪਣੇ ਪਰਿਵਾਰ ਵਿਚ ਰਹਿ ਰਹੇ ਸਾਬਕਾ ਭਾਰਤੀ ਫ਼ੌਜੀ ਕੈਪਟਨ ਇਕਬਾਲ ਸਿੰਘ ਵਿਰਕ ਜਿਨ੍ਹਾਂ ਦਾ ਪਿੰਡ ਡਰੌਲੀ ਭਾਈਕੀ (ਜ਼ਿਲਾ ਮੋਗਾ) ਹੈ, ਨੇ ਪਿਛਲੇ ਦਿਨੀਂ ਮੁੱਖ-ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਇਕ ਚਿੱਠੀ ਲਿਖੀ ਹੈ ਜਿਸ ਵਿਚ ਉਨ੍ਹਾਂ ਲਿਖਿਆ ਹੈ ਕਿ 15 ਅਗਸਤ 1947 ਨੂੰ ਭਾਰਤ ਨੂੰ ਮਿਲੀ ਆਜ਼ਾਦੀ ਜਿਸ ਦੇ ਲਈ ਪੰਜਾਬੀਆਂ ਨੂੰ ਬੜੀ ਵੱਡੀ ਕੀਮਤ ਤਾਰਨੀ ਪਈ, ਦੇ ਸਮੇਂ ਹੋਈ ਦੇਸ਼ ਦੀ ਵੰਡ ਕਾਰਨ ਉਨ੍ਹਾਂ ਦੇ ਪਿੰਡ-ਦੇ ਮੁਸਲਮਾਨ ਭਰਾਵਾਂ ਨੂੰ ਵੀ ਹੋਰ ਬਹੁਤ ਸਾਰੇ ਲੋਕਾਂ ਵਾਂਗ ਨਵੇਂ ਬਣੇ ਮੁਲਕ ਪਾਕਿਸਤਾਨ ਵਿਚ ਹਿਜਰਤ ਕਰਨੀ ਪਈ। ਉਨ੍ਹਾਂ ਦੇ ਪਿਤਾ ਜੀ ਸੁਦਾਗਰ ਸਿੰਘ ਉਸ ਸਮੇਂ ਪੰਜਾਬ ਪੁਲੀਸ ਵਿਚ ਮੋਗਾ ਵਿਖੇ ਤਾਇਨਾਤ ਸਨ ਅਤੇ ਉਨ੍ਹਾਂ ਨੇ ਉਦੋਂ ਆਪਣੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਪਿੰਡ ਦੇ ਮੁਸਲਮਾਨ ਭਰਾਵਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਪਾਕਿਸਤਾਨ ਦੀ ਸਰਹੱਦ 'ਤੇ ਪਹੁੰਚਾਇਆ ਸੀ। ਉਨ੍ਹਾਂ ਮੁਸਲਮਾਨਾਂ ਵਿਚ ਮੇਰੇ ਪਿੰਡ ਦੇ ਵਡੇਰੇ ਬਾਵਾ ਫ਼ਕੀਰ ਸਨ ਜੋ ਉਨ੍ਹਾਂ ਦੇ ਚਾਚਾ ਜੀ ਸੂਬਾ ਸਿੰਘ ਨਾਲ ਮਿਲ ਕੇ ਪਸ਼ੂਆ ਦਾ ਵਿਓਪਾਰ ਕਰਦੇ ਹੁੰਦੇ ਸਨ। ਇਨ੍ਹਾਂ ਦੋਹਾਂ ਪਰਿਵਾਰਾਂ ਵਿਚ ਬੜੀ ਨੇੜਤਾ ਸੀ, ਇਸ ਲਈ ਉਨ੍ਹਾਂ ਦੇ ਪਿਤਾ ਜੀ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਸਾਡੇ ਪਿੰਡ ਵਿੱਚੋਂ ਜਾਣ ਵਾਲੇ ਮੁਸਲਮਾਨਾਂ ਵਿੱਚੋਂ ਕਿਸੇ ਦਾ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਣ ਦਿੱਤਾ। ਪਿੰਡ ਦੇ ਸਾਰੇ ਧਰਮਾਂ ਦੇ ਲੋਕ ਏਨੇ ਘੁ਼ਲ-ਮਿਲ ਕੇ ਰਹਿੰਦੇ ਸਨ ਕਿ ਉਨ੍ਹਾਂ ਦੇ ਪਿੰਡ ਦੇ ਮੁਸਲਮਾਨਾਂ ਦੇ ਤਿੰਨ ਘਰਾਂ ਨੇ ਪਾਕਿ-ਸਤਾਨ ਜਾਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਹ ਇਧਰ ਪਿੰਡ ਡਰੌਲੀ ਭਾਈ ਕੀ ਵਿਚ ਹੀ ਰਹੇ।

ਚਿੱਠੀ ਵਿਚ ਕੈਪਟਨ ਵਿਰਕ ਨੇ ਦੱਸਿਆ ਹੈ ਕਿ ਉਨ੍ਹਾਂ ਦੇ ਪਿੰਡ ਵਿਚ ਮੁਸਲਿਮ-ਭਰਾਵਾਂ ਦੀ ਇਕ ਮਸਜਿਦ ਹੁੰਦੀ ਸੀ ਜਿਸ ਉਪਰ ਉਨ੍ਹਾਂ ਦੇ ਜਾਣ ਤੋਂ ਬਾਅਦ ਕੁਝ ਲੋਕਾਂ ਨੇ ਕਬਜ਼ਾ ਕਰ ਲਿਆ। ਪਿੰਡ ਵਿਚ ਮੁਸਲਮਾਨਾਂ ਦੀ ਨਫ਼ਰੀ ਬਹੁਤ ਘੱਟ (ਕੇਵਲ ਤਿੰਨ ਹੀ ਘਰ) ਹੋਣ ਕਾਰਨ ਉਹ ਇਸ ਦਾ ਵਿਰੋਧ ਨਾ ਕਰ ਸਕੇ। ਹੁਣ ਇਸ ਸਮੇਂ ਉਨ੍ਹਾਂ ਦੇ ਤਿੰਨਾਂ ਤੋਂ 15 ਘਰ ਹੋ ਗਏ ਹਨ ਅਤੇ ਉਨ੍ਹਾਂ ਦੇ ਜੀਆ ਦੀ ਗਿਣਤੀ ਵੀ ਸੁੱਖ ਨਾਲ 80 ਦੇ ਕਰੀਬ ਹੋ ਗਈ ਹੈ। ਉਨ੍ਹਾਂ ਨੂੰ ਆਪਣੀ ਧਾਰਮਿਕ ਅਕੀਦਤ ਅਤੇ ਹੋਰ ਧਾਰਮਿਕ-ਰਸਮਾਂ ਕਰਨ ਵਿਚ ਇਸ ਸਮੇਂ ਬੜੀ ਦਿੱਕਤ ਆ ਰਹੀ ਹੈ। ਇਸ ਪੱਤਰ ਰਾਹੀਂ ਉਨ੍ਹਾਂ ਵੱਲੋਂ ਮੁੱਖ-ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਪਿੰਡ ਦੀ ਸਾਂਝੀ ਮਾਲਕੀਅਤ ਦੀ ਪੰਚਾਇਤੀ ਜ਼ਮੀਨ ਜੋ ਕਈ ਲੋਕ ਨੱਪੀ ਬੈਠੇ ਹਨ, ਵਿੱਚੋਂ ਕੁਝ ਮਰਲੇ ਜ਼ਮੀਨ ਇਨ੍ਹਾਂ ਮੁਸਲਮਾਨ ਭਰਾਵਾਂ ਨੂੰ ਦੇ ਦਿੱਤੀ ਜਾਵੇ ਤਾ ਇਸ ਪਿੰਡ ਦੇ ਪਰਵਾਸੀ ਅਤੇ ਹੋਰ ਸੁਹਿਰਦ ਸੱਜਣ ਮਿਲ ਕੇ ਇਸ ਉਪਰ ਮਸਜਿਦ ਦੀ ਉਸਾਰੀ ਦੀ ਸੇਵਾ ਕਰ ਦੇਣਗੇ।

ਆਪਣੀ ਚਿੱਠੀ ਵਿਚ ਉਨ੍ਹਾਂ ਇਹ ਵੀ ਲਿਖਿਆ ਹੈ ਕਿ ਉਨ੍ਹਾਂ ਨੇ ਪਿੰਡ ਦੀ ਭਲਾਈ



ਲਈ ਹੁਣ ਤੀਕ ਕਾਫ਼ੀ ਮਾਇਆ ਖ਼ਰਚ ਕੀਤੀ ਹੈ। ਪਿੰਡ ਦੀ ਧਰਮਸ਼ਾਲਾ ਜਿਸ ਦੇ ਖੁੱਲ੍ਹੇ ਵਿਹੜੇ ਵਿਚ ਉਹ ਛੋਟੇ ਹੁੰਦਿਆਂ ਆਪਣੇ ਸਾਥੀਆਂ ਨਾਲ ਖੇਡਦੇ ਰਹੇ ਹਨ, ਉਥੇ ਹਰ ਮੰਗਲਵਾਰ ਹਨੂੰਮਾਨ ਦੇ ਇਕ ਛੋਟੇ ਜਿਹੇ ਮੰਦਰ ਵਿਚ ਬਣਦੀ ਰਹੀ 'ਮੰਨੀ' ਬਾਕੀ ਬੱਚਿਆ ਨਾਲ ਮਿਲ ਕੇ ਖਾਂਦੇ ਰਹੇ ਹਨ। ਕਈ ਦਹਾਕੇ ਪਹਿਲਾਂ ਇਸ ਮੰਦਰ ਵਿਚ ਸਥਾਪਿਤ ਹਨੂੰਮਾਨ ਦੀ ਮੂਰਤੀ ਨੂੰ ਰੰਗ-ਰੋਗਨ ਵਗ਼ੈਰਾ ਕਰਵਾ ਕੇ ਇਸ ਨੂੰ ਨਵਾਂ ਰੂਪ ਦੇਣ, ਸਕੂਲ ਵਿਚ ਕੁਰਸੀਆਂ-ਮੇਜ਼ ਤੇ ਹੋਰ ਸਮਾਨ ਖ਼੍ਰੀਦਣ, ਬੱਚਿਆਂ ਲਈ ਵਾਟਰ-ਕੂਲਰ ਖ਼੍ਰੀਦਣ ਅਤੇ ਪਾਣੀ ਲਈ ਟਿਊਬਵੈਲ ਲਵਾਉਣ ਵਰਗੇ ਕਈ ਕੰਮ ਪਿੰਡ ਵਿਚ ਕਰਵਾਏ ਗਏ ਜਿਨ੍ਹਾਂ ਲਈ ਉਨ੍ਹਾਂ ਵੱਲੋਂ ਸਮੇਂ-ਸਮੇਂ ਬਣਦਾ ਯੋਗਦਾਨ ਦਿੱਤਾ ਜਾਂਦਾ ਰਿਹਾ। ਹੁਣ ਵੀ ਆਪਣੀ ਚਿੱਠੀ ਵਿਚ ਉਨ੍ਹਾਂ ਨੇ ਆਪਣੀ ਇਹ ਤੀਬਰ ਇੱਛਾ ਜ਼ਾਹਿਰ ਕੀਤੀ ਹੈ ਕਿ ਕਿ ਪਿੰਡ ਵਿਚ ਮੁਸਲਿਮ ਭਰਾਵਾਂ ਲਈ ਮਸਜਿਦ ਜ਼ਰੂਰ ਤਾਮੀਰ ਕੀਤੀ ਜਾਏ। ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੇ ਪਿੰਡ ਵਿਚ ਮੁਸਲਮਾਨ ਭਰਾਵਾਂ ਲਈ ਪਿੰਡ ਦੀ ਸਾਂਝੀ ਮਾਲਕੀ ਦੀ ਪੰਚਾਇਤੀ ਜ਼ਮੀਨ ਵਿੱਚੋਂ ਕੁਝ ਮਰਲੇ ਜ਼ਮੀਨ ਦਿੱਤੀ ਜਾਵੇ ਤਾਂ ਜੋ ਪਿੰਡ ਦੇ ਸਾਂਝੇ ਯਤਨਾਂ ਨਾਲ ਉਥੇ ਮਸਜਿਦ ਦਾ ਨਿਰਮਾਣ ਕੀਤਾ ਜਾ ਸਕੇ। ਉਨ੍ਹਾਂ ਨੇ ਕਿਹਾ ਹੈ ਕਿ ਪਰਵਾਸੀ ਸੱਜਣ ਵੀ ਇਸ ਵਿਚ ਆਪਣਾ ਯੋਗਦਾਨ ਪਾਉਣ ਲਈ ਤਿਆਰ ਹਨ।


# 'ਜੀਪ ਲਵਰਜ਼ ਟੋਰਾਂਟੋ' ਵੱਲੋਂ 'ਰਾਈਡ ਐਂਡ ਪਿਕਨਿਕ' ਪ੍ਰੋਗਰਾਮ 24 ਜੁਲਾਈ ਨੂੰ

ਬਰੈਂਪਟਨ, (ਡਾ. ਝੰਡ) -'ਜੀਪ ਲਵਰਜ਼ ਟੋਰਾਂਟੋ ਵੱਲੋਂ' 'ਰਾਈਡ ਐਂਡ ਪਿਕਨਿਕ' ਦਾ ਸ਼ਾਨਦਾਰ ਪ੍ਰੋਗਰਾਮ 24 ਜੁਲਾਈ ਦਿਨ ਐਤਵਾਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ 10150 'ਦ ਗੋਰ ਰੋਡ ਸਥਿਤ 'ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਐਂਡ ਲਾਇਬ੍ਰੇਰੀ' ਦੀ ਪਾਰਕਿੰਗ ਤੋਂ ਕਾਰਾਂ, ਜੀਪਾਂ ਦੀ ਇਹ ਰਾਈਡ ਸਵੇਰੇ 9.00 ਵਜੇ ਆਰੰਭ ਹੋਵੇਗੀ ਅਤੇ ਇਹ 4998 ਕਨਸੈਸ਼ਨ ਰੋਡ 7, ਅਲਿਸਟਨ ਸਥਿਤ 'ਅਰਲ ਰੋਵਰ ਪ੍ਰੋਵਿੰਸ਼ੀਅਲ ਪਾਰਕ ਵਿਚ ਜਾ ਕੇ ਸਮਾਪਤ ਹੋਵੇਗੀ। 'ਅਰਲ ਰੋਵਰ ਪ੍ਰੋਵਿੰਸ਼ੀਅਲ ਪਾਰਕ' ਵਿਚ ਪਿਕਨਿਕ ਦਾ ਪ੍ਰੋਗਰਾਮ ਰੱਖਿਆ ਗਿਆ ਹੈ ਅਤੇ ਉੱਥੇ ਵੱਖ-ਵੱਖ ਪ੍ਰਕਾਰ ਦੇ ਸੁਆਦਲੇ ਖਾਣਿਆਂ ਅਤੇ ਮਨੋਰੰਜਨ ਦਾ ਪ੍ਰਬੰਧ ਹੋਵੇਗਾ। ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਇਸ ਰਾਈਡ ਅਤੇ ਪਿਕਨਿਕ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਰਾਈਡ ਐਂਡ ਪਿਕਨਿਕ ਦਾ ਇਹ ਪ੍ਰੋਗਰਾਮ ਪਹਿਲਾਂ 2 ਅਗਸਤ ਸੋਮਵਾਰ ਵਾਲੇ ਦਿਨ ਰੱਖਿਆ ਗਿਆ ਸੀ ਪਰ ਉਸ ਦਿਨ ਬਾਰਸ਼ ਦੀ ਸੰਭਾਵਨਾ ਹੋਣ ਕਾਰਨ ਇਸ ਦੀ ਤਰੀਕ ਤੇ ਦਿਨ ਬਦਲ ਕੇ ਹੁਣ 24 ਜੁਲਾਈ ਦਿਨ ਐਤਵਾਰ ਕਰ ਦਿੱਤਾ ਗਿਆ ਹੈ। ਸਾਰੇ ਸੱਜਣ ਨੋਟ ਕਰਨ, ਜੀ। ਇੱਥੇ ਇਹ ਜ਼ਿਕਰਯੋਗ ਹੈ ਕਿ ਇਹ ਸੰਸਥਾ 'ਜੀਪ ਲਵਰਜ਼ ਟੋਰਾਂਟੋ' ਕਮਿਊਨਿਟੀ ਦੇ ਧਾਰਮਿਕ, ਸਮਾਜਿਕ ਤੇ ਸੱਭਿਆਰਕ ਸਮਾਗ਼ਮਾਂ ਸਮੇਂ ਖਾਣ-ਪੀਣ ਦੇ ਲੰਗਰ ਲਗਾਉਣ ਦੇ ਨਾਲ ਨਾਲ ਪੱਗਾਂ ਦੇ ਲੰਗਰ ਦੀ ਵੀ ਸੇਵਾ ਕਰਦੀ ਹੈ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਬੂਟਾ ਸਿੰਘ ਜੌਹਲ ਨੂੰ 647-928-8097 'ਤੇ ਜਾਂ ਗੁਰਜਿੰਦਰ ਸਿੰਘ ਦਿਓਲ ਨੂੰ 647-998-5256 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

Looking Suitable Girl for Punjabi Lubhana Sikh boy, 29 Years old, 5"9' height, Canadian Citizen, settled in Toronto. Please contact Ajay at (647) 859-2018

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ




ID MEDIA
GOLD CREW ENTERTAINMENT PROUDLY
PRESENTS
BLUE ROSE
REALTY INC. BROKERAGE
GOLDCREW
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN
TORONTO
HOSTED BY MANPREET TOOR
GOLD SPONSORS
JMD EXPRESS
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
cross merge
BVD Group
GULFLINE GROUP LTD
Infinity HVAC Ltd.
mpi print & packaging
WAVE FREIGHT
CIC
Ameri-Can
BRONZE SPONSORS
NEW GEN
Insurance Bazaar
VISIONCRAFTERS
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED
Charger Truck Sales
DALJIT SINGH | KULDEEP JOSAN | DALJEET VIRK | RAMAN THIND | BRINDERPAL THIND

# ਹਰਿਆਣਾ ਦੇ ਮੰਤਰੀਆਂ ਅਤੇ ਵਿਧਾਇਕਾਂ ਦਾ ਟੋਰਾਂਟੋ ਵਿਚ ਸਵਾਗਤ




ਬਰੈਂਪਟਨ, 14 ਜੁਲਾਈ (ਪੋਸਟ ਬਿਊਰੋ)- ਬੀਤੇ ਬੁੱਧਵਾਰ ਨੂੰ ਬਰੈਂਪਟਨ ਦੇ ਸਪਰੈਂਜ਼ਾ ਬੈਂਕੁਇਟ ਹਾਲ ਵਿਖੇ ਦੀ ਗਰੇਟ ਫਰੈਂਡਜ਼ ਕਲੱਬ ਕੈਨੇਡਾ ਅਤੇ ਸੰਤ ਸਵਾਮੀ ਸੰਪੂਰਨਆਨੰਦ ਸਰਸਵਤੀ ਜੀ ਵਲੋਂ ਕੈਨੇਡਾ ਦੀ ਫੇਰੀ ਉੱਤੇ ਆਏ ਹਰਿਆਣਾ ਸਰਕਾਰ ਦੇ ਮੰਤਰੀ ਅਤੇ ਵਿਧਾਇਕਾਂ ਦਾ ਸਵਾਗਤ ਕੀਤਾ ਗਿਆ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਜੈ ਪ੍ਰਕਾਸ਼ ਦਲਾਲ, ਸ੍ਰੀ ਰਣਧੀਰ ਸਿੰਘ ਗੋਲਣ ਐਮਐਲਏ ਅਤੇ ਸ੍ਰੀ ਧਰਮਪਾਲ ਗੋਂਡਰ ਐਮਐਲਏ ਅਤੇ ਉਨ੍ਹਾਂ ਦੇ ਸਹਾਇਕ ਇਸ ਸਮੇਂ ਕੈਨੇਡਾ ਦੇ ਦੌਰੇ ਉੱਤੇ ਹਨ।

ਉਨ੍ਹਾਂ ਦੇ ਇਸ ਦੌਰੇ ਦਾ ਮਕਸਦ ਕੈਨੇਡਾ ਦੀਆਂ ਕੁਝ ਕੰਪਨੀਆਂ ਵੱਲੋਂ ਉੱਚ ਪੱਧਰੀ ਤਕਨੀਕ ਨਾਲ ਤਿਆਰ ਕੀਤੀਆਂ ਫ਼ਸਲਾਂ ਨੂੰ ਬੀਜਣ ਵਾਲੀਆਂ ਮਸ਼ੀਨਾਂ ਖਰੀਦਣਾ ਅਤੇ ਕੈਨੇਡਾ ਅਤੇ ਹਰਿਆਣਾ ਦੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਸਵਾਮੀ ਜੀ ਵਲੋਂ ਹਰਿਆਣਾ ਦੇ ਕੁਰੂਕਸ਼ੇਤਰ ਖੇਤਰ ਵਿਚ, ਜਿੱਥੇ ਵੱਡੀ ਗਊਸ਼ਾਲਾ ਤਿਆਰ ਕੀਤੀ ਹੋਈ ਹੈ, ਉਥੇ ਨਾਲ-ਨਾਲ ਅਨਾਥ ਬੱਚਿਆਂ ਦੇ ਪਰਉਪਕਾਰ ਲਈ ਵੀ ਵੱਡੇ ਕੰਮ ਕੀਤੇ ਹਨ। ਸਵਾਮੀ ਜੀ ਨੇ ਤਿੰਨਾਂ ਵਿਧਾਇਕਾਂ ਦੀ ਜਾਣ ਪਹਿਚਾਣ ਹਰਿਆਣਾ ਅਤੇ ਪੰਜਾਬ ਨਾਲ ਸੰਬੰਧਤ ਮਹਿਮਾਨਾਂ ਨਾਲ ਕਰਵਾਈ। ਖੇਤੀਬਾੜੀ ਮੰਤਰੀ ਜੈ ਪ੍ਰਕਾਸ਼ ਨੇ ਖੇਤੀ ਨੂੰ ਉਤਸ਼ਾਹਿਤ ਕਰਨ ਕਰਨ ਲਈ ਕੀਤੇ ਗਏ ਕੰਮਾਂ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਹਰਿਆਣਾ ਵਿਚ ਨਿਵੇਸ਼ ਕਰਨ ਨਿਵੇਸ਼ ਕਰਨ ਲਈ ਬੇਨਤੀ ਕੀਤੀ।


# ਬਰੈਂਪਟਨ ਈਸਟ ਤੋਂ ਐੱਮ. ਪੀ.ਪੀ. ਹਰਦੀਪ ਗਰੇਵਾਲ ਦੇ ਸਹੁੰ ਚੁੱਕ ਸਮਾਗਮ ਦੀਆਂ ਯਾਦਗਾਰੀ ਤਸਵੀਰਾਂ

















Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
2000 sq feet ਦਾ Semi-Detached ਘਰ
4 ਬੈੱਡਰੂਮ+4 ਵਾਸਰੂਮ+3 ਕਾਰ ਪਾਰਕਿੰਗ
ਸਟੇਨਲੇਸ ਸਟੀਲ ਉਪਕਰਨ
ਫਨਿਸ਼ਡ ਬੇਸਮੇਂਟ
ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
ਕੁਆਰਟਜ਼ ਕਾਊਂਟਰ ਟੌਪ
ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
JUST LISTED FOR SALE IN BRAMPTON
WILLIAMS PKWY / CHINGUACOUSY RD
2500 - 3000 sq feet
Detach ਘਰ, ਡਬਲ ਡੋਰ ਐਂਟਰੀ
4 ਬੈੱਡਰੂਮ + ਕੰਪਿਊਟਰ ਲੋਫਟ + 3 ਵਾਸਰੂਮ + 2 ਕਾਰ ਗੈਰੇਜ
ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
ਸਟੇਨਲੇਸ ਸਟੀਲ ਉਪਕਰਨ
ਹਾਈਵੇਅ 403 ਦੇ ਨੇੜੇ
SOLD WILLIAMS PKWY / CENTRE ST
SOLD WILLIAMS PKWY / ROYAL ORCHARD
SOLD QUEEN ST / DIXIE RD
SOLD SANDALWOOD / BRAIDWOOD LAKE
SOLD HOWDEN BLVD / WILLIAM PRWY
SOLD QUEEN ST / MCLAUGHLIN
SOLD HWY 10 / BOVAID DR
SOLD GOREWAY DR / QUEEN ST E
FREE
Full MLS Services
Consistently Marketing Your Property Until SOLD
Competitive Rates, Exceptional Service & Award Winning Results
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022


ROYAL CANADIAN International CIRCUS
UNDER THE BIG TOP
July 21-August 28
ETOBICOKE, SCARBOROUGH, MISSISSAUGA, BURLINGTON
2 for 1
GENERAL ADMISSION
TICKETS
at www.royalcanadiancircus.ca
promo code Punjabi


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017